# ਫ਼ਰੀਦ ਬਾਣੀ ਦਾ ਥੀਮਕ ਅਧਿਐਨ

ਨਿਸ਼ਾਨ ਸਿੰਘ 'ਰਾਠੌਰ'

ਈਮੇਲ:- nishanrathaur@gmail.com

ਪੰਜਾਬ ਦੀ ਧਰਤੀ ਨੂੰ ਮਾਣ ਹੈ ਕਿ ਇਸ ਦੀ ਕੁੱਖ ਤੋਂ ਅਨੇਕਾਂ ਪਰੋਪਕਾਰੀ ਸਾਧੂਆਂ, ਸੰਤਾਂ, ਪੀਰਾਂ, ਫ਼ਰੀਕਾਂ, ਪੈਗੰਬਰਾਂ, ਰਿਸ਼ੀਆਂ, ਮੁਨੀਆਂ ਅਤੇ ਗੁਰੂਆਂ ਨੇ ਜਨਮ ਲਿਆ ਹੈ। ਇਨ੍ਹਾਂ ਮਹਾਂਪੁਰਸ਼ਾਂ ਨੇ ਆਪਣਾ ਸਾਰਾ ਜੀਵਨ ਲੋਕਾਂ ਦੇ ਭਲੇ ਲਈ ਸਮਰਪਿਤ ਕਰ ਦਿੱਤਾ। ਭਟਕੇ ਹੋਏ ਲੋਕਾਂ ਨੂੰ ਰਾਹੇ ਪਾਉਣ ਲਈ ਅਨੇਕਾਂ ਔਂਕੜਾਂ ਸਹਾਰਦੇ ਹੋਏ ਲੋਕਾਂ ਨੂੰ ਜੀਵਨ ਦੀ ਅਸਲ ਸੱਚਾਈ ਤੋਂ ਜਾਣੂ ਕਰਵਾਇਆ। ਅਜਿਹੇ ਸੰਤ ਮਹਾਂਪੁਰਸ਼ ਦੂਜੇ ਦੇ ਦੁੱਖ ਨੂੰ ਆਪਣਾ ਦੁੱਖ ਸਮਝਦੇ ਹੋਏ ਆਪਣਾ ਸਰਬੰਸ ਕੁਰਬਾਨ ਕਰਨ ਤੋਂ ਵੀ ਨਹੀਂ ਕਤਰਾਉਂਦੇ। ਅਸਲ ਵਿਚ ਭਾਰਤੀ ਸੰਤ ਪਰੰਪਰਾ ਵਿੱਚ ਦੂਜੇ ਦੀਆਂ ਪੀੜਾਂ ਤੋਂ ਦ੍ਰਵਿਤ ਹੋਣ ਵਾਲੇ ਮਨੁੱਖ ਨੂੰ ਹੀ ਸੰਤ ਜਾਂ ਸਤਿਪੁਰਖ ਕਿਹਾ ਜਾਂਦਾ ਹੈ।

ਇਤਿਹਾਸ ਗਵਾਹ ਹੈ ਕਿ ਸਮੇਂ-ਸਮੇਂ ਤੇ ਲੋਕਾਂ ਨੂੰ ਭਟਕਣ ਤੋਂ ਬਚਾਉਣ ਲਈ ਹਿੰਦੂਸਤਾਨ ਵਿਚ ਪੀਰਾਂ, ਫ਼ਕੀਰਾਂ, ਸਾਧੂ, ਸੰਤਾਂ ਨੇ ਆਪਣੀ ਜ਼ਿੰਦਗੀ ਨੂੰ ਲੋਕਾਂ ਦੇ ਲੇਖੇ ਲਾ ਦਿੱਤਾ। ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਲਈ ਸਮੇਂ ਸਮੇਂ ਤੇ ਕੁੱਝ ਅਜਿਹੇ ਮਹਾਂਪੁਰਸ਼ ਅੱਗੇ ਆਉਂਦੇ ਰਹੇ, ਜਿਨ੍ਹਾਂ ਨੇ ਆਪਣੀ ਅਮੁੱਲੀ ਬਾਣੀ ਰਾਹੀਂ ਭੱਟਕਦੇ ਹੋਏ ਲੋਕਾਂ ਨੂੰ ਸੱਚ ਦਾ ਮਾਰਗ ਦਿਖਾਇਆ ਅਤੇ ਮਨੁੱਖਤਾ ਨੂੰ ਗ਼ਰਕ ਹੋਣ ਤੋਂ ਬਚਾਇਆ। ਜਦੋਂ ਵੀ ਮਨੁੱਖ ਇਸ ਭੋਤਿਕ ਪਸਾਰੇ ਤੋਂ ਪ੍ਰਭਾਵਿਤ ਹੋ ਕੇ ਇਸ ਦੇ ਆਕ੍ਰਸ਼ਨ ਵਿਚ ਉਲਝ ਕੇ ਆਪਣੇ ਉਦੇਸ਼ ਤੋਂ ਭਟਕ ਜਾਂਦਾ ਹੈ ਤਾਂ ਉਸ ਨੂੰ ਕਿਸੇ ਸਹਾਰੇ ਦੀ ਲੋੜ ਪੈਂਦੀ ਹੈ, ਜੋ ਉਸ ਨੂੰ ਸਹੀ ਰਾਹੇ ਪਾ ਸਕੇ।

ਅਜਿਹੇ ਸਮੇਂ ਕੋਈ ਮਹਾਨ ਆਤਮਾ ਆਪਣੇ ਨਿੱਜੀ ਸੁਆਰਥਾਂ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖ ਜਾਤੀ ਨੂੰ ਰਾਹ ਦਰਸਾਉਣ ਲਈ ਇੱਕ ਚਾਨਣ ਮੁਨਾਰੇ ਵਾਂਗ ਕੰਮ ਕਰਦੀ ਹੈ। ਇਹ ਮਹਾਨ ਆਗੂ ਆਉਣ ਵਾਲੀਆਂ ਪੀੜੀਆਂ ਲਈ ਆਦਰਸ਼ਕ ਮਨੁੱਖ ਦੀ ਮਿਸਾਲ ਵੱਜੋਂ ਉਭਰਦਾ ਹੈ। ਉਸਦੀ ਪਛਾਣ ਇੱਕ ਲੋਕ ਨਾਇਕ ਵਾਂਗ ਹੁੰਦੀ ਹੈ।

ਇਸੇ ਤਰ੍ਹਾਂ ਹੀ ਪੰਜਾਬੀ ਸੂਫ਼ੀ ਪਰੰਪਰਾ ਦੇ ਪਰਿਪੇਖ ਵਿੱਚ ਬਾਬਾ ਫ਼ਰੀਦ ਜੀ ਲੋਕ ਨਾਇਕ ਵਾਂਗ ਪੇਸ਼ ਹੁੰਦੇ ਹਨ:-

"ਪੰਜਾਬ ਵਿਚ ਤਾਂ ਬਾਬਾ ਫ਼ਰੀਦ ਵਾਲੀ ਪਦਵੀ ਕਿਸੇ ਹੋਰ ਮੁਸਲਮਾਨ ਫ਼ਕੀਰ ਨੂੰ ਪ੍ਰਾਪਤ ਨਹੀਂ।"1

ਉਨ੍ਹਾਂ ਨੇ ਆਪਣੇ ਸਮੇਂ ਵਿੱਚ ਭਟਕੇ ਅਤੇ ਨਿਰਾਸ਼ ਮਨੁੱਖ ਨੂੰ ਜਿਸ ਢੰਗ ਨਾਲ ਦਿਲਾਸਾ ਅਤੇ ਹਮਦਰਦੀ ਵਿਖਾ ਕੇ ਉਸਦਾ ਮਾਰਗ-ਦਰਸ਼ਨ ਕੀਤਾ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਫ਼ਰੀਦ ਨੇ ਗੁੰਮਰਾਹ ਮਨੁੱਖਤਾ ਨੂੰ ਇਸ ਦੁਨਿਆਵੀ ਅਸਲੀਅਤ ਦਾ ਗਿਆਨ ਕਰਾ ਕੇ ਮਨੁੱਖੀ ਕਦਰਾਂ-ਕੀਮਤਾਂ ਨੂੰ ਪਛਾਣਕੇ ਚੱਲਣ ਲਈ ਪ੍ਰੇਰਣਾ ਦਿੱਤੀ।

ਫ਼ਰੀਦ ਬਾਣੀ ਦਾ ਅਸਲ ਸੰਦੇਸ਼ ਸਮੁੱਚੀ ਲੋਕਾਈ ਨਾਲ ਪਿਆਰ ਅਤੇ ਸਨੇਹ ਹੈ। ਬਾਬਾ ਫ਼ਰੀਦ ਅਨੁਸਾਰ ਇੱਟ ਦਾ ਜੁਆਬ ਪੱਥਰ ਨਾਲ ਦੇਣਾ ਜ਼ਰੂਰੀ ਨਹੀਂ, ਬਲਕਿ ਉਨ੍ਹਾਂ ਨਾਲ ਵੀ ਪਿਆਰ ਕੀਤਾ ਜਾਣਾ ਚਾਹੀਦਾ ਹੈ, ਜੋ ਤੁਹਾਨੂੰ ਮਾਰਦੇ ਹਨ। ਫ਼ਰੀਦ ਜੀ ਕਹਿੰਦੇ ਹਨ:-

"ਫ਼ਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥"2

ਆਪਸੀ ਪਿਆਰ ਅਤੇ ਭਾਈਚਾਰੇ ਨੂੰ ਦਰਸਾਉਣ ਵਾਲੀ ਅਜਿਹੀ ਮਿਸਾਲ ਸ਼ਾਇਦ ਹੀ ਦੁਨੀਆਂ ਦੇ ਕਿਸੇ ਹੋਰ ਮਹਾਂਪੁਰਸ਼ ਨੇ ਦਿੱਤੀ ਹੋਵੇ। ਪਰ ਇਸਦਾ ਮਤਲਬ ਇਹ ਨਹੀਂ ਕਿ ਫ਼ਰੀਦ ਜੀ ਆਪਣੇ ਆਪ ਨੂੰ ਹੀਣਾ ਕਰ ਦੇਣ ਵਿੱਚ ਵਿਸ਼ਵਾਸ ਕਰਦੇ ਹਨ। ਸਵੈ-ਮਾਣ ਦੀ ਭਾਵਨਾ ਵੀ ਬਾਬਾ ਫ਼ਰੀਦ ਜੀ ਦੀ ਦੇਣ ਹੈ। ਉਹ ਆਖਦੇ ਹਨ ਕਿ ਕਿਸੇ ਦੇ ਅਧੀਨ ਹੋਣ ਨਾਲੋਂ ਮਰ ਜਾਣਾ ਚੰਗਾ ਹੈ। ਫ਼ਰੀਦ ਜੀ ਦੇ ਅਨੁਸਾਰ ਨਿਮਰਤਾ ਅਤੇ ਗ਼ੁਲਾਮੀ ਵਿੱਚ ਫ਼ਰਕ ਹੈ। ਨਿਮਰਤਾ ਮਨੁੱਖ ਨੂੰ ਮਹਾਨ ਅਤੇ ਉਦਾਰ ਬਣਾਉਂਦੀ ਹੈ, ਪਰ ਗ਼ੁਲਾਮੀ ਵਿਅਕਤੀ ਦੀ ਹੋਂਦ ਨੂੰ ਖਤਮ ਕਰ ਦਿੰਦੀ ਹੈ:-

"ਫ਼ਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥"3

ਗ਼ੁਲਾਮ ਮਨੁੱਖ ਦਾ ਜੀਵਨ ਦੁੱਖਾਂ ਨਾਲ ਭਰਿਆ ਹੁੰਦਾ ਹੈ। ਆਜ਼ਾਦੀ ਮਨੁੱਖ ਨੂੰ ਖ਼ੁਸ਼ੀ ਪ੍ਰਦਾਨ ਕਰਦੀ ਹੈ। ਫ਼ਰੀਦ ਜੀ ਸਾਰੀ ਦੁਨੀਆਂ ਲਈ ਖ਼ੁਸ਼ੀ ਪ੍ਰਦਾਨ ਕਰਨਾ ਚਾਹੁੰਦੇ ਹਨ। ਇਸੇ ਲਈ ਉਹ ਸਮਾਜ ਨੂੰ ਖ਼ੁਸ਼ਹਾਲ ਕਰਨ ਲਈ ਆਪਣੇ ਅਨੁਭਵੀ ਨੁਕਤੇ ਪੇਸ਼ ਕਰਦੇ ਹਨ।

ਸਾਡੇ ਹੱਥਲੇ ਅਧਿਆਇ ਦਾ ਮੂਲ ਪ੍ਰਯੋਜਨ ***"ਫ਼ਰੀਦ ਬਾਣੀ ਦਾ ਥੀਮਕ ਅਧਿਐਨ"*** ਹੈ। ਬਾਬਾ ਫ਼ਰੀਦ ਜੀ ਮਨੁੱਖ ਨੂੰ ਕੀ ਕਹਿਣਾ ਚਾਹੁੰਦੇ ਹਨ? ਫ਼ਰੀਦ ਬਾਣੀ ਕਿੰਨਾਂ ਸੰਕਲਪਾਂ ਦੀ ਗੱਲ ਕਰਦੀ ਹੈ? ਇਸ ਤੋਂ ਇਲਾਵਾ ਫ਼ਰੀਦ ਬਾਣੀ ਦਾ ਨੈਤਿਕ ਪੱਖ, ਸਦਾਚਾਰਕ ਪੱਖ, ਦੁੱਖ ਦਾ ਸੰਕਲਪ, ਜੀਵਨ ਦੀ ਸਚਾਈ, ਯਥਾਰਥ ਪਿੱਠਭੂਮੀ, ਜੀਵਨ ਦੀ ਨਾਸ਼ਮਾਨਤਾ, ਦਾਰਸ਼ਨਿਕ ਪੱਖ, ਰਹੱਸਵਾਦੀ ਪੱਖ, ਫ਼ਰੀਦ ਬਾਣੀ ਵਿੱਚ ਮੌਤ ਦਾ ਸੰਕਲਪ, ਬਿਰਹਾ ਦਾ ਸੰਕਲਪ, ਫ਼ਰੀਦ ਬਾਣੀ ਦਾ ਕਲਾ ਪੱਖ ਅਤੇ ਫ਼ਰੀਦ ਬਾਣੀ ਦਾ ਸੰਗੀਤਕ ਪਰਿਪੇਖ ਆਦਿ ਵਿਸ਼ਿਆਂ ਤੇ ਥੀਮਕ ਅਧਿਐਨ ਦੇ ਅੰਤਰਗਤ ਵਿਚਾਰ ਕੀਤਾ ਜਾਵੇਗਾ।

**ਰੱਬ ਨਾਲ ਇਸ਼ਕ ਦੀ ਪ੍ਰਵਿਰਤੀ :-**

ਸੂਫ਼ੀ ਸਾਧਕ ਰੱਬ ਅਤੇ ਰਸੂਲ ਦੇ ਸੱਚੇ ਆਸ਼ਕ ਸਨ। ਉਹ ਕੁਰਾਨ ਦੀ ਸਿੱਖਿਆ ਨੂੰ ਅਮਲੀ ਰੂਪ ਵਿਚ ਮੰਨਦੇ ਸਨ। ਸੂਫ਼ੀ ਵਿਚਾਰਧਾਰਾ ਅਨੁਸਾਰ ਹਰ ਪ੍ਰਾਣੀ ਸਰਬ-ਸ਼ਕਤੀਮਾਨ ਪ੍ਰਭੂ ਦਾ ਅੰਸ਼ ਮਾਤਰ ਹੈ ਅਤੇ ਹਰ ਜੀਵ ਨੇ ਮਰਨ ਤੋਂ ਪਿੱਛੋਂ ਉਸ ਦੇ ਦਰਬਾਰ ਵਿਚ ਪੇਸ਼ ਹੋਣਾ ਹੈ। ਜੀਵਾਤਮਾ ਉਸ ਪ੍ਰਭੂ ਤੋਂ ਵਿਛੜੀ ਹੋਈ ਹੈ ਅਤੇ ਉਸ ਨੂੰ ਮੁੜ ਮਿਲ ਸਕਣ ਲਈ ਤਰਲੇ ਕਰਦੀ ਹੈ। ਉਸ ਪ੍ਰਭੂ ਦੀ ਪ੍ਰਾਪਤੀ ਦਾ ਸਾਧਨ 'ਇਸ਼ਕ' ਹੈ। ਜੋ ਜੀਵਾਤਮਾ ਉਸ ਪ੍ਰਭੂ ਨੂੰ ਇਸ਼ਕ ਕਰਦੀ ਹੈ ਉਹ ਹਮੇਸ਼ਾ ਪ੍ਰਭੂ ਦੇ ਰੰਗ ਵਿਚ ਰੰਗੀ ਰਹਿੰਦੀ ਹੈ:-

"ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ॥

ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ"4

ਇਸੇ ਤਰ੍ਹਾਂ ਸ਼ਾਹ ਹੁਸੈਨ ਉਸ ਪ੍ਰਭੂ-ਪਿਤਾ ਪਰਮਾਤਮਾ ਨੂੰ ਪਿਆਰ ਕਰਦਾ ਹੋਇਆ ਉਸ ਜਿਹਾ ਆਪ ਹੀ ਹੋ ਜਾਂਦਾ ਹੈ। ਉਸ ਦੇ ਨੂਰ ਵਿਚ ਘੁਲ-ਮਿਲ ਜਾਂਦਾ ਹੈ:-

"ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।"5

ਆਸ਼ਕ ਬਣਨਾ ਅਤੇ ਇਸ਼ਕ ਕਮਾਉਣਾ ਬਹੁਤ ਕਠਿਨ ਹੈ। ਇਸ਼ਕ ਦਾ ਰਸਤਾ ਭਾਵ ਪ੍ਰਭੂ ਪਿਤਾ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਰਸਤਾ ਬਹੁਤ ਬਿਖੜਾ ਹੈ। ਇਸ ਰਸਤੇ ਤੇ ਕੋਈ ਵਿਰਲਾ ਹੀ ਚੱਲ ਸਕਦਾ ਹੈ। ਸੂਫ਼ੀ ਇਸ਼ਕ ਦੀ ਭਾਵਨਾ ਨਾਲ ਭਰਪੂਰ ਹੁੰਦਿਆਂ ਪਿਆਰੇ ਨਾਲ ਆਪਣੀ ਪ੍ਰੀਤ ਨਹੀਂ ਟੁੱਟਣ ਦਿੰਦੇ। ਇਸ ਲਈ ਚਾਹੇ ਉਨ੍ਹਾਂ ਨੂੰ ਕੋਈ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ ਪਰ ਉਹ ਆਪਣੇ ਪਿਆਰੇ ਦੀ ਪ੍ਰੀਤ ਅੰਦਰ ਭਿੱਜੇ ਹੋਏ ਉਸ ਨੂੰ ਮਿਲਣ ਲਈ ਬੇਤਾਬ ਹਨ:-

"ਫ਼ਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾਂ ਤਾ ਤੁਟੈ ਨੇਹੁ॥"6

ਸੂਫ਼ੀਆਂ ਅਨੁਸਾਰ ਇਸ਼ਕ ਦੀ ਸਾਰ ਉਹੀ ਜਾਣ ਸਕਦਾ ਹੈ ਜੋ ਪ੍ਰਭੂ ਨੂੰ ਇਸ਼ਕ ਕਰਦਾ ਹੈ, ਹੋਰ ਕੋਈ ਅਜਿਹਾ ਭੇਦ ਨਹੀਂ ਜਾਣ ਸਕਦਾ। ਸੂਫ਼ੀ ਸਾਧਕ ਪ੍ਰਭੂ ਨੂੰ ਮਿਲਣ ਲਈ ਤੜਫ਼ਦਾ ਹੈ। ਵਿਛੋੜੇ ਦੀ ਅੱਗ ਵਿਚ ਉਸ ਦੀ ਹਾਲਤ ਬਿਰਹੋਂ ਜਲੀ ਕੋਇਲ ਵਰਗੀ ਹੋ ਜਾਂਦੀ ਹੈ:-

"ਕਾਲੀ ਕੋਇਲ ਤੂ ਕਿਤ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥"7

**ਫ਼ਰੀਦ ਬਾਣੀ ਵਿਚ ਦੁੱਖ ਦਾ ਸੰਕਲਪ:-**

ਬਾਬਾ ਫ਼ਰੀਦ ਦੀ ਬਾਣੀ ਦੇ ਮੁੱਖ ਆਧਾਰ ਵਿਚੋਂ ਇਕ ਸ਼ਕਤੀਸ਼ਾਲੀ ਆਧਾਰ ਹੈ ਦੁੱਖ ਦਾ ਸੰਕਲਪ। ਇਸ ਸੰਬੰਧੀ ਚਰਚਾ ਕਰਨ ਤੋਂ ਪਹਿਲਾਂ ਇਹ ਭਲੀ-ਭਾਂਤ ਸਮਝ ਲੈਣਾ ਜ਼ਰੂਰੀ ਹੈ ਕਿ ਬਾਬਾ ਫ਼ਰੀਦ ਜੀ ਦੀ ਬਾਣੀ ਦਾ ਮੂਲ ਸਰੋਕਾਰ ਅਧਿਆਤਮਕਤਾ ਨਾਲ ਹੈ। ਇਸ ਲਈ ਪਦਾਰਥਵਾਦੀ ਜਾਂ ਕਿਸੇ ਹੋਰ ਨੁਕਤੇ ਤੋਂ ਇਸ ਬਾਣੀ ਦਾ ਅਧਿਐਨ ਕਰਨਾ ਵਿਚਾਰ ਚਰਚਾ ਨੂੰ ਕੁਰਾਹੇ ਪਾਉਣ ਵਾਲੀ ਗੱਲ ਹੋਵੇਗੀ। ਇਸ ਸੰਦਰਭ ਵਿਚ ਜਦੋਂ ਅਸੀਂ ਫ਼ਰੀਦ ਬਾਣੀ ਵਿਚ ਦੁੱਖ ਦੇ ਸੰਕਲਪ ਬਾਰੇ ਚਰਚਾ ਕਰਨੀ ਹੈ ਤਾਂ ਇਸ ਨੂੰ ਮੁੱਖ ਰੂਪ ਵਿਚ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ।

1. ਫ਼ਰੀਦ ਬਾਣੀ ਵਿਚ ਪੇਸ਼ ਦੁੱਖ ਦਾ ਕਾਰਨ।
2. ਦੁੱਖ ਦਾ ਸਰੂਪ।
3. ਦੁੱਖ ਤੋਂ ਬਚਣ ਦਾ ਉਪਾਅ।

ਇਸ ਅਧਿਆਇ ਵਿਚ ਇਹਨਾਂ ਸੰਕਲਪਾਂ ਦੀ ਵਿਸਥਾਰ ਸਹਿਤ ਚਰਚਾ ਕਰਨਾ ਜ਼ਰੂਰੀ ਹੈ।

**ਦੁੱਖ ਦਾ ਕਾਰਨ:-**

ਸੂਫ਼ੀ ਮੱਤ ਅਨੁਸਾਰ ਜੀਵਾਤਮਾ ਪਰਮਾਤਮਾ ਤੋਂ ਵਿਛੜ ਕੇ ਆਈ ਹੋਈ ਸੂਖਮ ਹੋਂਦ ਹੈ। ਇਹ ਸੰਸਾਰ ਤ੍ਰਿਸ਼ਨਾ ਦੀ ਭੱਠੀ ਹੈ:-

"ਕਿਝੁ ਨ ਬੁੱਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ॥
ਸਾਂਈਂ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ"8

ਇਸ ਭੱਠੀ ਵਿਚ ਮਨੁੱਖ ਸੜ ਰਿਹਾ ਹੈ। ਉਸ ਪਰਮ ਆਤਮਾ ਤੋਂ ਵਿਛੜਨਾ ਹੀ ਸਭ ਤੋਂ ਵੱਡਾ ਦੁੱਖ ਹੈ ਜੋ ਜੀਵ ਆਤਮਾ ਭੋਗ ਰਹੀ ਹੈ। ਇਹ ਦੁੱਖ ਦੋ ਪ੍ਰਕਾਰ ਦਾ ਹੈ। ਇਕ ਪਾਸੇ ਜਿੱਥੇ ਪਰਮਾਤਮਾ ਤੋਂ ਵਿਛੜਨਾ ਦੁੱਖ ਹੈ ਉੱਥੇ ਦੂਜੇ ਪਾਸੇ ਸੰਸਾਰ ਵਿਚ ਆਉਣਾ ਵੀ ਦੁੱਖ ਹੀ ਮੰਨਿਆਂ ਗਿਆ ਹੈ। ਇਸ ਪ੍ਰਕਾਰ ਇਹ ਵਿਛੋੜੇ ਦਾ ਦੁੱਖ ਹੋਰ ਸੰਘਣਾ ਹੋ ਜਾਂਦਾ ਹੈ। ਇਸ ਲਈ ਬਾਬਾ ਫ਼ਰੀਦ ਇਹ ਭਾਵ ਬਹੁਤ ਪ੍ਰਬਲ ਰੂਪ ਵਿਚ ਬਿਆਨ ਕਰਦੇ ਹਨ ਕਿ ਸਾਰੇ ਦੁੱਖ ਸੰਸਾਰ

ਵਿਚ ਪੈਦਾ ਹੋਣ ਨਾਲ ਹੀ ਪੈਦਾ ਹੋ ਗਏ ਸਨ। ਬਾਬਾ ਫ਼ਰੀਦ ਆਪਣੀ ਬਾਣੀ ਵਿਚ ਕਹਿੰਦੇ ਹਨ ਕਿ ਕਾਸ਼ ਅਜਿਹੇ ਨਾ ਹੋਇਆ ਹੁੰਦਾ:-

"ਫ਼ਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ॥
ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁੱਖ॥"9

ਫ਼ਰੀਦ ਲਈ ਦੂਜਾ ਵੱਡਾ ਦੁੱਖ ਦਾ ਕਾਰਨ ਪਦਾਰਥ ਹੈ। ਅਸਲ ਵਿਚ ਪਦਾਰਥ ਦੁਨਿਆਵੀ ਤੌਰ ਤੇ ਵੇਖਣ ਨੂੰ ਸੁੱਖਦਾਈ ਪ੍ਰਤੀਤ ਹੁੰਦਾ ਹੈ, ਪਰ ਆਤਮਾ ਅਤੇ ਪਰਮਾਤਮਾ ਵਿਚ ਵਿੱਥ ਪਾ ਕੇ ਦੁੱਖ ਦਿੰਦਾ ਹੈ। ਇਸ ਪਦਾਰਥ ਦੀ ਪ੍ਰਕਿਰਤੀ ਨੂੰ ਸਮਝਣ ਲਈ ਵੀ ਫ਼ਰੀਦ ਜੀ ਦੇ ਦੋ ਸਲੋਕਾਂ ਨੂੰ ਇਕੱਠੇ ਰੱਖ ਕੇ ਵਿਚਾਰਨਾ ਯੋਗ ਹੈ। ਪਹਿਲਾ ਸਲੋਕ ਪਦਾਰਥ ਭਰਮ ਪੈਦਾ ਕਰਨ ਵਾਲਾ ਪਰ ਮਿਲਾਪ ਵਿਚ ਸਹਾਈ ਨਾ ਹੋ ਸਕਣ ਵਾਲਾ ਹੈ:-

"ਫ਼ਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥"10

ਇਸੇ ਤਰ੍ਹਾਂ ਦੂਜੇ ਸਲੋਕ ਵਿਚ ਪਦਾਰਥ ਜਦ ਆਪਣੇ ਅਸਲ ਰੂਪ ਵਿਚ ਪੇਸ਼ ਹੁੰਦਾ ਹੈ ਤਾਂ ਇੰਨਾਂ ਦੁੱਖਦਾਈ ਰੂਪ ਅਖ਼ਤਿਆਰ ਕਰ ਲੈਂਦਾ ਹੈ ਕਿ ਅਕਹਿ ਅਤੇ ਅਸਹਿ ਦੁੱਖ ਦੇਂਦਾ ਪ੍ਰਤੀਤ ਹੁੰਦਾ ਹੈ। ਦੁੱਖ ਵੀ ਅਜਿਹਾ ਕਿ ਜਿਸ ਦਾ ਵਰਨਣ ਇਸ ਦਿੱਸਦੇ ਜਗਤ ਦੇ ਪ੍ਰਾਣੀਆਂ ਨਾਲ ਸਾਂਝਾ ਨਹੀਂ ਕੀਤਾ ਜਾ ਸਕਦਾ। ਅਜਿਹਾ ਦੁੱਖ ਤਾਂ ਕੇਵਲ ਮਾਲਕ ਅੱਗੇ ਹੀ ਪੇਸ਼ ਕੀਤਾ ਜਾ ਸਕਦਾ ਹੈ:-

"ਦੇਖੁ ਫ਼ਰੀਦਾ ਜਿ ਥੀਆ ਸਕਰ ਹੋਈ ਵਿਸੁ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥"11

ਇਹ ਦੁੱਖ ਹੋਰ ਗਹਿਰਾ ਹੋ ਜਾਂਦਾ ਹੈ। ਇਸ ਨਾਸ਼ਮਾਨ ਸੰਸਾਰ ਵਿਚ ਦੁੱਖ ਭੋਗਦੇ ਹੋਏ, ਆਪਣਾ ਆਪ ਗੁਆ ਕੇ ਵੀ ਉਸ ਪ੍ਰਭੂ ਦੀ ਪ੍ਰਾਪਤੀ ਨਹੀਂ ਜਾਪਦੀ ਜਾਂ ਉਸ ਵਿਚ ਦੇਰ ਹੁੰਦੀ ਪ੍ਰਤੀਤ ਹੁੰਦੀ ਹੈ। ਇਹ ਉਡੀਕ ਅਤੇ ਅਪ੍ਰਾਪਤੀ ਦੀ ਅਵਸਥਾ ਹੀ ਦੁੱਖ ਦਾ ਕਾਰਨ ਹੋ ਨਿਬੜਦੀ ਹੈ:-

"ਫ਼ਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗੁ॥"12

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਫ਼ਰੀਦ ਬਾਣੀ ਵਿਚ ਦੁੱਖ ਦਾ ਮੁੱਖ/ਵੱਡਾ ਕਾਰਨ ਵਿਛੋੜਾ ਹੀ ਬਣਦਾ ਹੈ। ਜਿਸ ਵਿਚ ਜੀਵ ਆਤਮਾ ਅਤੇ ਪ੍ਰੀਤਮ ਦੇ ਵਿਛੋੜੇ ਵਿਚ ਦੁੱਖ ਭੋਗ ਰਹੀ ਹੈ। ਅਸਲ ਵਿਚ ਜੀਵ ਆਤਮਾ ਦਾ ਉਦੇਸ਼ ਪ੍ਰਭੂ ਦੀ ਪ੍ਰਾਪਤੀ ਹੈ। ਪਰਮਾਤਮਾ ਦੀ ਪ੍ਰਾਪਤੀ ਵਿਚ ਹੋ ਰਹੀ ਦੇਰ ਵੀ ਸੂਫ਼ੀ ਲਈ ਦੁੱਖ ਦਾ ਕਾਰਨ ਬਣਦੀ ਹੈ।

**ਦੁੱਖ ਦਾ ਸਰੂਪ:-**

ਦੁੱਖ ਦੇ ਕਾਰਨ ਤੋਂ ਬਾਅਦ ਦੂਸਰਾ ਵਿਚਾਰਯੋਗ ਨੁਕਤਾ ਇਹ ਹੈ ਕਿ ਬਾਬਾ ਫ਼ਰੀਦ ਅਨੁਸਾਰ ਦੁੱਖ ਕਿਨ੍ਹਾਂ-ਕਿਨ੍ਹਾਂ ਰੂਪਾਂ ਵਿਚ ਉਜਾਗਰ ਹੁੰਦਾ ਹੈ। ਦੁੱਖ ਦਾ ਸਰੂਪ ਕੀ ਹੈ? ਦੁੱਖ ਦੀਆਂ ਕਿਹੜੀਆਂ-ਕਿਹੜੀਆਂ ਅਵਸਥਾਵਾਂ ਮਨੁੱਖ ਭੋਗਦਾ ਹੈ?

ਜਿਵੇਂ ਕਿ ਪਹਿਲਾਂ ਵੀ ਅਸੀਂ ਕਹਿ ਆਏ ਹਾਂ ਕਿ ਸੂਫ਼ੀ ਪਰੰਪਰਾ ਦੇ ਅਨੁਸਾਰ ਸੰਸਾਰ ਵਿਚ ਜੀਵ ਦਾ ਆਉਣਾ ਹੀ ਸਭ ਤੋਂ ਵੱਡਾ ਦੁੱਖ ਹੈ। ਉਸੇ ਤਰ੍ਹਾਂ ਇਸ ਸੰਸਾਰ ਵਿਚ ਵਿਚਰਨਾ ਵੀ ਆਪਣੇ ਆਪ ਵਿਚ ਇਕ ਦੁੱਖਦਾਈ ਕਰਮ ਹੈ। ਸੂਫ਼ੀਆਂ ਦੇ ਅਨੁਸਾਰ ਦੁੱਖ ਦਾ ਦੂਸਰਾ ਨਾਮ ਜੀਵਨ ਹੈ। ਸਾਡੇ ਸਾਰੇ ਕਾਰ-ਵਿਹਾਰ, ਖਾਣ-ਪੀਣ, ਪਹਿਨਣ ਹੰਢਾਉਣ ਅਤੇ ਓੜਣ ਵਿਛਾਉਣ ਸਭ ਦੁੱਖ ਦਾ ਹੀ ਦੂਸਰਾ ਰੂਪ ਹਨ:-

"ਫ਼ਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥"13

ਅਤੇ ਇਸ ਦੇ ਨਾਲ ਹੀ ਬਾਬਾ ਫ਼ਰੀਦ ਜੀ ਕਹਿੰਦੇ ਹਨ:-

"ਫ਼ਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ॥"14

ਫ਼ਰੀਦ ਜੀ ਦੇ ਇਹਨਾਂ ਸਲੋਕਾਂ ਵਿਚ ਇਕ ਪਾਸੇ ਦੁੱਖ ਦੀ ਵੇਦਨਾ ਦਾ ਵਰਨਣ ਹੈ ਅਤੇ ਦੂਜੇ ਪਾਸੇ ਸੰਭਾਵੀ ਦੁੱਖ ਤੋਂ ਸੁਚੇਤ ਕੀਤਾ ਗਿਆ ਹੈ। ਕਿਤੇ-ਕਿਤੇ ਦੁੱਖ ਦੀ ਵਿਆਪਕਤਾ ਨੂੰ ਬਾਬਾ ਫ਼ਰੀਦ ਜੀ ਬੜੇ ਧਾਰਮਿਕ ਰੂਪ ਵਿਚ ਪੇਸ਼ ਕਰਦੇ ਦਿਖਾਈ ਦਿੰਦੇ ਹਨ। ਓਪਰੀ ਨਜ਼ਰੇ ਵੇਖਿਆਂ ਕਈ ਵਾਰ ਪ੍ਰਤੀਤ ਹੁੰਦਾ ਹੈ ਕਿ ਬਾਬਾ ਫ਼ਰੀਦ ਜਿਸ ਦੁੱਖ ਦੀ ਗੱਲ ਕਰ ਰਹੇ ਹਨ, ਉਹ ਨਿੱਜੀ ਦਰਦ ਅਤੇ ਨਿੱਜੀ ਭਾਵਨਾ ਨਾਲ ਸੰਬੰਧਤ ਹੈ ਪਰ ਸਮੁੱਚੇ ਰੂਪ ਵਿਚ ਵੇਖਿਆ ਜਾਵੇ ਤਾਂ ਸਪਸ਼ਟ ਪਤਾ ਚਲਦਾ ਹੈ ਕਿ ਬਾਬਾ ਫ਼ਰੀਦ ਜੀ ਦੁੱਖ ਦੀ ਸਰਬ-ਵਿਆਪਕਤਾ ਦਾ ਵਰਨਣ ਕਰ ਰਹੇ ਹਨ। ਇਸ ਤੋਂ ਇਲਾਵਾ ਉਹ ਸਮੂਹ ਦੇ ਦੁੱਖ ਦੀ ਗੱਲ ਵੀ ਕਰ ਰਹੇ ਨਜ਼ਰ ਆਉਂਦੇ ਹਨ:-

"ਫ਼ਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥ "15

ਇੱਥੇ ਫ਼ਰੀਦ ਜੀ ਦੁੱਖ ਨੂੰ ਸ੍ਰਿਸ਼ਟੀ ਦੇ ਪੱਧਰ ਤੇ ਵਰਨਣ ਕਰ ਰਹੇ ਹਨ, ਦੁੱਖ ਸੂਖਮ ਸਥੂਲ ਦੋਹਾਂ ਰੂਪਾਂ ਵਿਚ ਵਿਦਮਾਨ ਹੈ। ਇਸ ਦੇ ਨਾਲ ਹੀ ਫ਼ਰੀਦ ਜੀ ਲੋਕਾਈ ਦੇ ਦਰਦ ਦਾ ਹਿੱਸਾ ਬਣ ਕੇ ਮਾਨਵਵਾਦੀ ਦ੍ਰਿਸ਼ਟੀ ਤੋਂ ਉਸ ਵਿਚ ਸ਼ਾਮਲ ਹੋਣ ਦੀ ਪ੍ਰਕਿਰਿਆ ਰਚ ਰਹੇ ਹਨ। ਇਸ ਤੋਂ ਵੀ ਅੱਗੇ ਐਨਾ ਵੱਡਾ ਵਿਸ਼ਾਲ ਦੁੱਖ ਦਾ ਬਿੰਬ ਰਚ ਕੇ ਆਪਣੇ ਦੁੱਖ ਨੂੰ ਛੁਟਿਆ ਕੇ ਦੇਖਣ ਨਾਲ ਦੁੱਖ ਦੀ ਤੀਖਣਤਾ ਨੂੰ ਘਟਾਉਣ ਦਾ ਮਾਰਗ ਦੱਸਣ ਦੀ ਚੇਸ਼ਟਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਲ ਵਿਚ ਬਾਬਾ ਫ਼ਰੀਦ ਵੀ ਸਵੈ ਤੋਂ ਉੱਪਰ ਉੱਠ ਕੇ ਸਮੂਹ ਦੇ ਦੁੱਖ ਦੀ ਚਿੰਤਾ ਕਰਦੇ ਵੇਖੇ ਜਾ ਸਕਦੇ ਹਨ:-

"ਫ਼ਰੀਦ ਦੇ ਇਹਨਾਂ ਸਲੋਕਾਂ ਅੰਦਰ ਉਸ ਮਨੁੱਖ ਲਈ ਗਿਆਨ ਸੋਝੀ ਹੈ ਜੋ ਮਾਇਆ ਵਿਚ ਡੁੱਬਾ ਆਪਣੇ ਧਰਮ/ਕਰਮ ਦੀ ਪਛਾਣ ਗੁਆ ਬੈਠਾ ਹੈ। ਇਹ ਕਹਿਣਾ ਕਿ 'ਬੁਰੇ ਦਾ ਭਲਾ ਕਰ' ਬੜੀ ਗੰਭੀਰ ਸੁਰਤਿ ਵਾਲਾ ਹੈ। ਬੁਰੇ ਦਾ ਭਲਾ ਕਰਨ ਦੀ ਸਥਿਤੀ ਵਿਚ ਪਹੁੰਚਿਆ ਹੋਇਆ ਮਨੁੱਖ ਹੀ ਅਸਲ ਵਿਚ ਸੰਪੂਰਨ ਮਨੁੱਖ ਹੈ, ਇਹ ਮਾਨਵਤਾ ਦੀ ਚਰਮ-ਸੀਮਾ ਹੈ ਜਿੱਥੇ ਪਹੁੰਚ ਕੇ ਮਨੁੱਖ ਨੂੰ ਦੂਜੇ ਵਿਚੋਂ ਆਪਣਾ ਦੀਦਾਰ ਹੋਣ ਲੱਗਦਾ ਹੈ। ਫ਼ਰੀਦ ਜੀ ਦਾ ਪ੍ਰਵਚਨ 'ਦੇਹੀ ਰੋਗੁ ਨ ਲਗਈ' ਐਨਾ ਪ੍ਰਮਾਣਿਕ ਹੈ ਕਿ ਇਸ ਉੱਪਰ ਅਮਲ ਕਰਨ ਵਾਲਾ ਆਪਣੇ ਅੰਦਰੋਂ ਹੀ ਸਭ ਕੁੱਝ ਪ੍ਰਾਪਤ ਲੈਂਦਾ ਹੈ। ਦੇਹੀ ਦਾ ਦੁੱਖ ਅਸਲ ਵਿਚ ਮਨ ਦੇ ਸੰਤਾਪ ਵਿਚੋਂ ਹੀ ਪੈਦਾ ਹੁੰਦਾ ਹੈ। ਫ਼ਰੀਦ ਜੀ ਨੇ ਮਨੁੱਖ ਨੂੰ ਉਸ

ਦੀ ਜਿੰਦਗੀ ਦਾ ਰਹੱਸ ਸਮਝਾ ਦਿੱਤਾ ਹੈ ਕਿ ਜਿਸ ਮਨੁੱਖ ਅੰਦਰ ਮੁਆਫ਼ ਕਰਨ ਦੀ ਸ਼ਕਤੀ ਆ ਗਈ, ਉਹ ਨਿਸ਼ਚੇ ਹੀ ਪਾਰਗਾਮੀ ਅਵੱਸਥਾ ਤੱਕ ਪਹੁੰਚ ਚੁਕਾ ਹੈ।"16

ਦੁੱਖ ਦੇ ਕਾਰਨ ਅਤੇ ਇਸ ਪ੍ਰਚੰਡ ਦੁੱਖ ਦੀ ਅਵਸਥਾ ਦੇ ਵਰਨਣ ਤੋਂ ਬਾਅਦ ਵੇਖਣ ਵਾਲੀ ਗੱਲ ਇਹ ਹੈ ਕਿ ਇਸ ਪ੍ਰਚੰਡ ਦੁੱਖ ਤੋਂ ਬਚਣ ਦਾ ਕੋਈ ਵਸੀਲਾ ਵੀ ਫ਼ਰੀਦ ਬਾਣੀ ਵਿੱਚ ਦਰਜ ਹੈ ਕਿ ਨਹੀਂ? ਫ਼ਰੀਦ ਬਾਣੀ ਵਿੱਚ ਇਸ ਦੁੱਖ ਤੋਂ ਬਚਣ ਜਾਂ ਉਭਰਨ ਦੇ ਕੁੱਝ ਯਤਨਾਂ ਦਾ ਉਲੇਖ ਮਿਲਦਾ ਹੈ। ਬਾਬਾ ਫ਼ਰੀਦ ਜੀ ਦੇ ਅਨੁਸਾਰ ਸੰਸਾਰ ਰੂਪੀ 'ਵਿਧਣ ਖੂਹੀ' ਵਿਚ 'ਮੁੱਧ ਇਕੇਲੀ' ਤ੍ਰਾਸ ਭੋਗ ਰਹੀ ਹੈ। ਸਾਧ ਸੰਗਤ ਦੇ ਮਿਲਾਪ ਨਾਲ ਇਸ ਸੰਸਾਰ ਵਿਚ ਹਰ ਥਾਂ 'ਅਲਹੁ ਬੇਲੀ' ਨਜ਼ਰ ਆਉਂਦਾ ਹੈ। ਇਸ ਤੋਂ ਇਲਾਵਾ ਦੁੱਖ ਤੋਂ ਬਚਣ ਵਾਲੀ ਦੂਸਰੀ ਵਿਧੀ ਹੈ ਉਸ ਪਰਮਾਤਮਾ ਦੀ ਰਹਿਮ ਜਾਂ ਕਿਰਪਾ ਦ੍ਰਿਸ਼ਟੀ। ਪਰਮਾਤਮਾ ਦੀ ਇਸ ਕਿਰਪਾ ਨਾਲ ਹੀ ਸਾਧ-ਸੰਗਤ ਦੀ ਪ੍ਰਾਪਤੀ ਹੁੰਦੀ ਹੈ:-

"ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥"17

ਇਸ ਪ੍ਰਕਾਰ ਪਰਮਾਤਮਾ ਦੀ ਕਿਰਪਾ ਦੁਆਰਾ ਸਾਧ ਸੰਗਤ ਦਾ ਮਿਲਾਪ ਦੁੱਖ ਨੂੰ ਦੂਰ ਕਰਨ ਦਾ ਸਾਧਨ ਬਣਦਾ ਹੈ। ਇਸ ਦੇ ਨਾਲ ਹੀ ਦੁੱਖ ਤੋਂ ਮੁਕਤੀ ਦਾ ਸਭ ਤੋਂ ਵੱਡਾ ਵਸੀਲਾ ਆਪੇ ਨਾਲ ਸਖਿਆਤਕਾਰ ਹੈ। ਆਪੇ ਦੀ ਪਛਾਣ ਅਤੇ ਆਪੇ ਨਾਲ ਇੱਕਮਿਕ ਹੋਣਾ ਹੀ ਦੁੱਖ ਤੋਂ ਛੁਟਕਾਰਾ ਹੈ ਜਾਂ ਸੁੱਖ ਦੀ ਪ੍ਰਾਪਤੀ ਹੈ। ਇਹੀ ਸੂਫ਼ੀਆਂ ਦੀ ਅਸਲ ਮੰਜ਼ਲ ਹੈ।

**ਫ਼ਰੀਦ ਬਾਣੀ ਵਿਚ ਬਿਰਹਾ ਸੰਵੇਦਨਾ:-**

ਪੰਜਾਬੀ ਸਾਹਿਤ ਦੀਆਂ ਕਲਾਸਕੀ ਰਚਨਾਵਾਂ ਵਿਚ ਬਿਰਹਾ ਜਾਂ ਵਿਛੋੜੇ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਸਦੀ ਉਦਾਹਰਣ ਸਾਨੂੰ ਪੰਜਾਬੀ ਸਾਹਿਤ ਦੀ ਪ੍ਰਥਮ ਪ੍ਰਮਾਣਿਕ ਕਿਰਤ ਫ਼ਰੀਦ ਬਾਣੀ ਵਿਚ ਵੀ ਵੇਖਣ ਨੂੰ ਮਿਲ ਜਾਂਦੀ ਹੈ:-

"ਬਿਰਹਾ-ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥

ਫ਼ਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥ "18

ਬਿਰਹਾ ਨੂੰ ਸੰਸਕ੍ਰਿਤ ਪ੍ਰਭਾਵ ਅਧੀਨ ਕਿਤੇ-ਕਿਤੇ ਵਿਰਹ ਜਾਂ ਬਿਰਹੋ ਵੀ ਕਿਹਾ ਗਿਆ ਹੈ ਜਿਸਦਾ ਅਰਥ ਹੈ ਵਿਛੋੜੇ ਦਾ ਦੁੱਖ:-

"ਵਿਰਹ ਸ਼ਬਦ ਜਿਹੜਾ ਕਿ ਪੰਜਾਬੀ ਦੇ ਬ੍ਰਿਹਾ ਸ਼ਬਦ ਦਾ ਹਿੰਦੀ ਵਿਚ ਅਨੁਵਾਦ ਹੈ, ਸੰਸਕ੍ਰਿਤ ਦੇ 'ਰਹ' ਸ਼ਬਦ ਨਾਲ 'ਵਿ' ਉਪਸਗਰ ਜੋੜਨ ਤੋਂ ਬਣਿਆ ਹੈ। 'ਰਹ' ਦਾ ਅਰਥ ਹੈ ਵੰਡਣਾ, ਤਿਆਗ ਕਰਨਾ, ਜ਼ੁਦਾ ਹੋਣਾ ਆਦਿ। 'ਵਿ' ਦਾ ਅਰਥ ਹੈ ਵਿਸ਼ੇਸ਼ ਭਾਵ, ਖ਼ਾਸ ਤਿਆਗ ਜਾਂ ਜੁਦਾਈ।"19

ਬਿਰਹੋ ਦਾ ਸੰਕੇਤ ਆਮ ਕਰਕੇ ਸੰਸਾਰਕ ਪ੍ਰੇਮੀ-ਪ੍ਰੇਮਿਕਾ ਦੇ ਵਿਛੋੜੇ ਦੇ ਦੁੱਖ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ। ਪ੍ਰੇਮੀ-ਪ੍ਰੇਮਿਕਾ ਇਕ ਦੂਜੇ ਤੋਂ ਵਿਛੜ ਜਾਣ ਤੋਂ ਬਾਅਦ ਇਕ ਦੂਜੇ ਨੂੰ ਵਧੇਰੇ ਯਾਦ ਆਉਂਦੇ ਹਨ। ਉਹ ਆਪਸ ਵਿਚ ਮੁੜ ਮਿਲਣ ਦੀ ਇੱਛਾ ਰੱਖਦੇ ਹਨ। ਉਹ ਬਹੁਤ ਬਿਲਬਲ ਰਹਿੰਦੇ ਹਨ ਤਾਂ ਇਸ ਭਾਵਨਾ ਨੂੰ ਬਿਰਹਾ ਦੀ ਭਾਵਨਾ ਕਿਹਾ ਜਾਂਦਾ ਹੈ:-

"ਬਿਰਹਾ ਅਨੁਭਵ ਤੋਂ ਸ਼ੁਰੂ ਹੋ ਕੇ ਮਨੁੱਖ ਨੂੰ ਰੱਬ ਦੇ ਵਸਲ ਤੱਕ ਪਹੁੰਚਾਉਦਾ ਹੈ, ਨਿਰਾਸ਼ਤਾ ਅਤੇ ਵਿਸ਼ਾਦ ਦੇ ਬਾਹਰਲੇ ਦਰਵਾਜ਼ੇ ਵਿਚੋਂ ਲੰਘ ਕੇ ਜਿਸ ਸ਼ਾਨਦਾਰ ਬਾਗ ਦੇ ਮਹੱਲ ਦੀ ਫ਼ਰੀਦ ਜੀ ਨੇ ਸੈਰ ਕਰਾਉਣੀ ਹੈ ਉਹ ਇਸ਼ਕ ਦੀ ਅਗੰਮੀ ਚੇਟਕ ਨਾਲ ਚਿਤਵਿਆ ਹੋਇਆ, ਦ੍ਰਿੜ੍ਹ ਸਦਾਚਾਰ ਦੀਆਂ ਨੀਹਾਂ ਉੱਤੇ ਉਸਰਿਆ ਹੋਇਆ, ਵਿਸ਼ਵਾਸ ਅਤੇ ਪ੍ਰਤੀਤ ਦੇ ਪਾਰਸਮਈ ਹੀਰੇ ਨਾਲ ਜੜਿਆ ਇਕ ਰਹੱਸਵਾਦੀ ਬਹਿਸ਼ਤ ਹੈ।"20

ਭਾਰਤੀ ਸੂਫ਼ੀ ਪਰੰਪਰਾ ਵਿਚ ਜੀਵਾਤਮਾ ਅਤੇ ਪਰਮਾਤਮਾ ਨੂੰ ਪ੍ਰੇਮੀ-ਪ੍ਰੇਮਿਕਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸੂਫ਼ੀ ਵਿਚਾਰਧਾਰਾ ਅਨੁਸਾਰ ਜੀਵਾਤਮਾ ਅਰਥਾਤ ਮਨੁੱਖ ਨੂੰ ਕਿਸੇ ਪੂਰਬਲੇ ਕਰਮਾਂ ਦੀ ਸਜ਼ਾ ਭੁਗਤਨ ਲਈ ਇਸ ਸੰਸਾਰ ਵਿਚ ਭੇਜਿਆ ਗਿਆ ਹੈ। ਇਸ ਗੱਲ ਦਾ ਪ੍ਰਮਾਣ ਸਾਨੂੰ ਫ਼ਰੀਦ ਬਾਣੀ ਵਿਚ ਇਸ ਪ੍ਰਕਾਰ ਮਿਲਦਾ ਹੈ:-

"ਫ਼ਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ॥
ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ॥ "21

ਫ਼ਰੀਦ ਬਾਣੀ ਦੇ ਰਹੱਸਵਾਦ ਦਾ ਮੁੱਖ ਆਧਾਰ ਬਿਰਹੋਂ ਜਾਂ ਵਿਛੋੜਾ ਹੈ। ਇਹ ਮਨੁੱਖ ਨੂੰ ਰੱਬ ਨਾਲੋਂ ਵਿਛੜੇ ਹੋਣ ਦਾ ਅਹਿਸਾਸ ਕਰਵਾ ਕੇ ਉਸ ਨਾਲ ਅਭੇਦ ਹੋਣ ਦੀ ਤਾਂਘ ਜਗਾਉਂਦਾ ਹੈ। ਫ਼ਰੀਦ ਬਾਣੀ ਵਿਚ ਬਿਰਹੋਂ ਜਾਂ ਵਿਛੋੜੇ ਨੂੰ ਨਿਰਾ ਅਧਿਆਤਮਕ ਦੁੱਖ ਨਹੀਂ ਮੰਨਿਆਂ ਗਿਆ ਸਗੋਂ ਇਸਨੂੰ ਆਪਣੀ ਹੋਂਦ ਬਾਰੇ ਜਾਗ੍ਰਿਤ ਹੋਣ ਦੀ ਅਵਸਥਾ ਵੀ ਮੰਨਿਆਂ ਗਿਆ ਹੈ।

ਜਦੋਂ ਗੁਰਮਤਿ ਵਿਚਾਰਧਾਰਾ ਵੀ ਸੂਫ਼ੀਆਂ ਵਾਂਗ ਮਨੁੱਖ ਨੂੰ ਇਹ ਪ੍ਰੇਰਣਾ ਦਿੰਦੀ ਹੈ ਕਿ ਮਨੁੱਖ ਨੇ ਆਪਣੇ ਮੂਲ ਨਾਲ ਅਭੇਦ ਹੋਣਾ ਹੈ ਅਥਵਾ ਮੂਲ ਨੂੰ ਪਛਾਨਣਾ ਹੈ:-

"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ"22

ਤਾਂ ਟੇਡੇ ਢੰਗ ਨਾਲ ਉਹ ਵੀ ਸੂਫ਼ੀਆਂ ਵਾਲੇ ਦਵੈਤਵਾਦੀ ਸੰਕਲਪ ਨੂੰ ਪ੍ਰਗਟ ਕਰ ਰਹੀ ਹੈ। ਪਰਤੂੰ ਗੁਰਮਤਿ ਅਤੇ ਸੂਫ਼ੀ ਵਿਚਾਰਧਾਰਾ ਵਿਚ ਇਹ ਗੱਲ ਬੜੀ ਸਪਸ਼ਟ ਹੈ ਕਿ ਗੁਰਮਤਿ ਵਿਚਾਰਧਾਰਾ ਸੂਫ਼ੀ ਵਿਚਾਰਧਾਰਾ ਵਾਂਗ ਮਾਨਵੀ ਹੋਂਦ ਦੇ ਸ਼ੁਧ ਦਵੈਤਵਾਦੀ ਸੰਕਲਪ ਦੀ ਧਾਰਨੀ ਨਹੀਂ, ਕਿਉਂਕਿ ਬਾਣੀ ਦੇ ਰਚਣਹਾਰਿਆਂ ਨੇ ਇਸ ਸੰਸਾਰ ਰਚਨਾ ਨੂੰ ਪ੍ਰਭੂ ਦੀ ਹੋਂਦ ਦਾ ਵਿਸਥਾਰ ਮੰਨਿਆਂ ਹੈ ਪਰਤੂੰ ਸੂਫ਼ੀ ਵਿਚਾਰਧਾਰਾ ਜਾਂ ਫ਼ਰੀਦ ਬਾਣੀ ਮਾਨਵੀ ਹੋਂਦ ਦੇ ਦਵੈਤਵਾਦੀ ਸੰਕਲਪ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਦੀ ਹੈ। ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਫ਼ਰੀਦ ਬਾਣੀ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਫ਼ਰੀਦ ਬਾਣੀ ਵਿਚ ਮਾਨਵੀ ਹੋਂਦ ਦੇ ਵਿਛੋੜੇ ਦੀ ਸਥਿਤੀ ਨੂੰ ਬੜ੍ਹੀ ਤੀਬਰ ਵੇਦਨਾ ਦੇ ਰੂਪ ਵਿਚ ਪ੍ਰਗਟਾਇਆ ਗਿਆ ਹੈ। ਫ਼ਰੀਦ ਬਾਣੀ ਵਿਚ ਇਹ ਵਿਛੋੜਾ ਅਸਹਿ ਦੁੱਖ ਅਤੇ ਬਿਰਹਾ ਦੇ ਰੂਪ ਵਿਚ ਪ੍ਰਗਟ ਹੋਇਆ ਹੈ।

ਫ਼ਰੀਦ ਬਾਣੀ ਵਿਚ ਬਿਰਹਾ ਦੀ ਨੁਹਾਰ ਵੇਖਣਯੋਗ ਹੈ। ਕੁਦਰਤੀ ਨੇਮ ਅਨੁਸਾਰ ਕਾਲੇ ਰੰਗ ਦੀ ਕੋਇਲ ਵੀ ਬਿਰਹਾ ਦੀ ਅੱਗ ਵਿਚ ਸੜ ਕੇ ਕਾਲੀ ਹੋ ਗਈ ਹੈ। ਉਹ ਆਪਣੇ ਪ੍ਰੀਤਮ ਦੇ ਵਿਛੋੜੇ ਦੇ ਕਾਰਨ ਕਾਲੇ ਰੰਗ ਦੀ ਹੋਈ ਨਜ਼ਰ ਆਉਂਦੀ ਹੈ:-

"ਕਾਲੀ ਕੋਇਲ ਤੂ ਕਿਤੁ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥"23

ਜੀਵਾਤਮਾ ਇਸ ਸੰਸਾਰ ਵਿਚ ਆ ਕੇ ਬਿਰਹੋਂ ਦਾ ਦੁੱਖ ਹੰਢਾ ਰਹੀ ਹੈ। ਸਥਿਤੀ ਦੀ ਤ੍ਰਾਸਦੀ ਇਹ ਹੈ ਕਿ ਉਸ ਉੱਤੇ ਕੋਈ ਤਰਸ ਵੀ ਨਹੀਂ ਕਰਦਾ। ਐਸੀ ਸਥਿਤੀ ਵਿਚ ਉਸ ਬਿਰਹਨ ਜੀਵਾਤਮਾ ਨੂੰ ਆਪਣਾ ਪ੍ਰੀਤਮ ਪਿਆਰਾ ਹੀ ਇਕ ਸਹਾਰਾ ਨਜ਼ਰ ਆਉਂਦਾ ਹੈ।

ਬਿਰਹਨ ਜੀਵਾਤਮਾ ਲਈ ਵਿਛੋੜੇ ਦਾ ਅਹਿਸਾਸ ਇਤਨਾ ਤੀਬਰ ਹੈ ਕਿ ਉਹ ਪਦਾਰਥ ਜੋ ਵੇਖਣ ਨੂੰ ਮਨੁੱਖ ਲਈ ਸੁਖਦਾਈ ਪ੍ਰਤੀਤ ਹੁੰਦੇ ਹਨ ਪਰ ਬਾਵਜੂਦ ਇਸ ਦੇ ਉਹ ਪਰਮਾਤਮਾ ਦੇ ਨਾਮ ਦੇ ਅੱਗੇ ਫਿੱਕੇ ਹਨ। ਇਹ ਬਿਰਹਾ ਦੀ ਪੀੜਾ ਨੂੰ ਹੋਰ ਵਧਾ ਰਹੇ ਹਨ।

ਡਾ. ਤਾਰਨ ਸਿੰਘ ਬਾਬਾ ਫ਼ਰੀਦ ਦੇ ਬਿਰਹਾ ਬਾਰੇ ਆਖਦੇ ਹਨ ਕਿ, "ਬਿਰਹਾ ਸੁਲਤਾਨ ਹੈ, ਬਿਰਹਾ ਜੀਵਨ ਦਾ ਚਿੰਨ੍ਹ ਹੈ। ਬਿਰਹਾ ਮਿਲਾਪ ਵੱਲ ਪੁਲਾਂਘ ਹੈ। ਬਿਰਹਾ ਬੰਦੇ ਦਾ ਰੱਬ ਤੋਂ ਵਿਛੜੇ ਹੋਣ ਦਾ ਅਹਿਸਾਸ ਹੈ। ਬਿਰਹਾ ਜਾਗ੍ਰਤੀ ਵੱਲ ਜ਼ਰੂਰੀ ਸ਼ਰਤ ਹੈ। ਇਹੀ ਪਹਿਲੀ ਪੁਲਾਂਘ ਹੈ, ਜਦੋਂ ਬੰਦਾ ਸਾਹਸ ਧਾਰਨ ਕਰਦਾ ਹੈ। ਪੈਂਡੇ ਤੇ ਤੁਰਨ ਦੀ ਦ੍ਰਿੜ੍ਹਤਾ ਕਰਦਾ ਹੈ, ਆਪਣੀ ਸਮਰੱਥਾ ਦਾ ਅਨੁਭਵ ਕਰਦਾ ਹੈ। ਆਪਣੀ ਅਧੋਗਤੀ ਤੋਂ ਗਿਲਾਨੀ ਕਰਦਾ ਹੈ ਅਤੇ ਆਪਣੀ ਹੋਣੀ ਨੂੰ ਸਵਾਰਨ ਲਈ ਤਤਪਰ ਹੋ ਜਾਂਦਾ ਹੈ। ਬਿਰਹਾ ਇਹ ਅਹਿਸਾਸ ਹੈ ਕਿ ਮੈਂ ਲਤਾੜਿਆ ਪਿਆ ਹਾਂ। ਬਿਰਹਾ ਉੱਚੇ ਜਾਣ ਦੀ ਲੋਚਾ ਹੈ। ਬਿਰਹਾ ਰੱਬ ਨੂੰ ਮਿਲਣ ਲਈ ਚੜ੍ਹਾਈ ਹੈ।"24

ਫ਼ਰੀਦ ਬਾਣੀ ਵਿਚ ਇਹ ਤੱਥ ਬੜਾ ਧਿਆਨਯੋਗ ਹੈ ਕਿ ਇਸ ਵਿਚ ਜਿੱਥੇ ਇਕ ਪਾਸੇ ਵਿਛੋੜਾ ਦੁੱਖ ਦਾ ਕਾਰਣ ਹੈ ਉੱਥੇ ਦੂਜੇ ਪਾਸੇ ਪ੍ਰਭੂ ਮਿਲਾਪ ਦਾ ਆਧਾਰ ਵੀ ਹੈ। ਫ਼ਰੀਦ ਬਾਣੀ ਦੇ ਅਨੁਸਾਰ ਜਿੰਨੀ ਦੇਰ ਤੱਕ ਬਿਰਹਾ ਦਾ ਅਨੁਭਵ

ਨਹੀਂ ਹੋਵੇਗਾ ਉਤਨੀ ਦੇਰ ਤੱਕ ਮਿਲਾਪ ਦੀ ਤਾਂਘ ਵੀ ਪੈਦਾ ਨਹੀਂ ਹੋ ਸਕਦੀ। ਇਸ ਲਈ ਫ਼ਰੀਦ ਬਾਣੀ ਵਿਚ ਬਿਰਹਾ ਨੂੰ ਬੜਾ ਉੱਚਾ ਦਰਜ਼ਾ ਦਿੱਤਾ ਗਿਆ ਹੈ।

**ਫ਼ਰੀਦ ਬਾਣੀ ਵਿਚ ਮੌਤ ਦਾ ਸੰਕਲਪ:-**

ਜੇਕਰ ਬਾਬਾ ਫ਼ਰੀਦ ਜੀ ਦੀ ਬਾਣੀ ਦਾ ਗਹਿਰਾ ਅਧਿਐਨ ਕੀਤਾ ਜਾਵੇ ਅਤੇ ਇਸ ਦੀਆਂ ਮੂਲ ਇਕਾਈਆਂ ਨੂੰ ਧਿਆਨ ਨਾਲ ਵਾਚਿਆ ਜਾਵੇ ਤਾਂ ਇਸ ਨਤੀਜੇ ਤੇ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ ਕਿ ਜਿੱਥੇ ਦੁੱਖ ਅਤੇ ਇਸ਼ਕ/ਬਿਰਹਾ ਆਦਿ ਮੂਲ ਇਕਾਈਆਂ ਮਿੱਥੀਆਂ ਗਈਆਂ ਹਨ ਉੱਥੇ ਇਸ ਦੀ ਮੂਲ ਇਕਾਈ ਮੌਤ ਹੈ। ਫ਼ਰੀਦ ਬਾਣੀ ਆਪਣੇ ਸੁਭਾਅ ਅਨੁਸਾਰ ਕੱਥ ਅਤੇ ਕਥਨ ਵਿਚ ਪੂਰੀ ਤਰ੍ਹਾਂ ਇਕਾਗਰ ਹੈ। ਇਸ ਇਕਾਗਰਤਾ ਦਾ ਕਾਰਣ ਨਿਰੋਲ ਅਧਿਆਤਮਕ ਸਰੋਕਾਰ ਤਾਂ ਹਨ ਪਰ ਕਾਵਿ ਦੇ ਪੱਖੋਂ ਵਾਚਿਆਂ ਇਸਦਾ ਕਾਰਣ ਇਹ ਬਣਦਾ ਹੈ ਕਿ ਇਹ ਬਾਣੀ ਮਾਨਵ ਜੀਵਨ ਦੇ ਇਕ ਸਭ ਤੋਂ ਅਹਿਮ ਮਸਲੇ ਨਾਲ ਸਰੋਕਾਰ ਰੱਖਦੀ ਹੈ। ਉਹ ਮਸਲਾ ਹੈ ਮੌਤ। ਬਿਨਾਂ ਕਿਸੇ ਸ਼ੱਕ ਦੇ ਮਨੁੱਖ ਦੀ ਸ਼ਰੀਰਕ ਮੌਤ ਹੀ ਬਾਬਾ ਫ਼ਰੀਦ ਦੀ ਬਾਣੀ ਦਾ ਕੇਂਦਰੀ ਥੀਮ ਨਿਸ਼ਚਿਤ ਕੀਤੀ ਜਾ ਸਕਦੀ ਹੈ। ਫ਼ਰੀਦ ਬਾਣੀ ਵਿਚ ਮੌਤ ਦਾ ਸ਼ਰੀਰਕ ਪ੍ਰਸੰਗ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ:-

> "ਫ਼ਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠ॥
> ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥"25

ਇਸ ਸਲੋਕ ਵਿਚ ਸ਼ਰੀਰ ਦੀ ਨਾਸ਼ਮਾਨਤਾ ਬਾਰੇ ਬਿਆਨ ਕੀਤਾ ਗਿਆ ਹੈ। ਇਸ ਵਿਚ ਸ਼ਰੀਰਕ ਮੌਤ ਦਾ ਵਰਨਣ ਬੜੇ ਪ੍ਰਚੰਡ ਰੂਪ ਵਿਚ ਕੀਤਾ ਗਿਆ ਹੈ। ਇਸ ਲਈ ਇਹ ਗੱਲ ਤਾਂ ਪ੍ਰਤੱਖ ਹੈ ਕਿ ਮੌਤ ਜਾਂ ਮੌਤ ਦੇ ਡਰ ਤੋਂ ਪ੍ਰੇਰਿਤ ਵੇਦਨਾ ਸੰਵੇਦਨਾ ਇਸ ਬਾਣੀ ਦਾ ਮੂਲ ਆਧਾਰ ਹੈ। ਮੌਤ ਫ਼ਰੀਦ ਜੀ ਦੀ ਜੀਵਨ ਦ੍ਰਿਸ਼ਟੀ ਨੂੰ ਇਸ ਹੱਦ ਤੱਕ ਪ੍ਰਭਾਵਿਤ ਕਰਦੀ ਹੈ ਕਿ ਇਸ ਬਾਣੀ ਵਿਚ ਪੇਸ਼ ਬਹੁਤੇ ਕਾਵਿ-ਚਿੱਤਰ, ਕਾਵਿ-ਬਿੰਬ ਤੇ ਅਲੰਕਾਰ ਪ੍ਰਤੱਖ ਤੇ ਪਰੋਖ ਦੋਹਾਂ ਰੂਪਾਂ ਵਿਚ ਮੌਤ ਤੋਂ ਹੀ ਹੋਂਦ ਗ੍ਰਹਿਣ ਕਰਦੇ ਪ੍ਰਤੀਤ ਹੁੰਦੇ ਹਨ। ਇਉਂ ਫ਼ਰੀਦ ਬਾਣੀ ਦਾ ਮੂਲ ਪ੍ਰੇਰਕ ਮੌਤ ਦੇ ਦ੍ਰਿਸ਼ਟੀ

ਬਿੰਦੂ ਤੇ ਖਲੋ ਕੇ ਹੀ ਉਹ ਆਪਣੇ ਚੋਗਿਰਦੇ ਦਾ ਦੀਦਾਰ ਕਰਦੇ ਅਤੇ ਆਪਣਾ ਕਾਵਿ ਬੋਲ ਉਚਾਰਦੇ ਦਿਖਾਈ ਦਿੰਦੇ ਹਨ। ਇਸ ਲਈ ਮੌਤ ਹੀ ਫ਼ਰੀਦ ਬਾਣੀ ਦਾ ਬੀਜ ਤੱਤ ਹੈ।

ਇਕ ਬੜੀ ਧਿਆਨ ਗੋਚਰੀ ਗੱਲ ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਦੇਖਣ ਨੂੰ ਮਿਲਦੀ ਹੈ ਕਿ ਪ੍ਰਤੱਖ ਰੂਪ ਵਿਚ ਤਾਂ ਬਾਬਾ ਫ਼ਰੀਦ ਮੌਤ ਦੀ ਹੀ ਗੱਲ ਕਰ ਰਹੇ ਹਨ ਪਰ ਉਸਦੇ ਪਰੋਖ ਵਿਚ ਜ਼ਿੰਦਗੀ ਆਪਣੀ ਨਿਰੰਤਰ ਚਾਲ ਚੱਲਦੀ ਦਿਖਾਈ ਦਿੰਦੀ ਹੈ। ਦੂਜੇ ਪਾਸੇ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਗੱਲ ਤਾਂ ਜ਼ਿੰਦਗੀ ਦੀ ਹੋ ਰਹੀ ਹੈ ਅਤੇ ਸੰਦਰਭ ਮੌਤ ਦਾ ਪ੍ਰਮੁੱਖ ਰੱਖਿਆ ਗਿਆ ਹੈ:-

> "ਸੰਸਾਰਿਕ ਜੀਵਨ ਦੀ ਨਾਸ਼ਮਾਨਤਾ, ਕਬਰ ਦੇ ਜੀਵਨ ਦੇ ਦੁੱਖਾਂ, ਅਜ਼ਰਾਈਲ ਫਰਿਸ਼ਤੇ, ਰਜ਼-ਏ-ਕਿਆਮਤ ਤੇ ਰੋਜ਼-ਏ-ਹਸ਼ਰ ਆਦਿ ਦਾ ਬਿਆਨ ਵੀ ਬਿੰਬਾਤਮਕ ਸ਼ੈਲੀ ਵਿਚ ਹੋਣ ਲੱਗਾ। ਸ਼ੇਖ ਫ਼ਰੀਦ ਨੇ ਵਿਆਹ ਦੇ ਪ੍ਰਤੀਕ ਰਾਹੀਂ ਜਿੰਦ ਨੂੰ ਵਹੁਟੀ, ਮੌਤ ਨੂੰ ਪਤੀ ਅਤੇ ਮੌਤ ਦੇ ਦਿਨ ਨੂੰ ਸਾਹੇ ਦਾ ਦਿਨ ਮੰਨਿਆ ਹੈ। ਜਿਸ ਤਰ੍ਹਾਂ ਸਹੁਰੇ ਤੁਰਨ ਲੱਗੀ ਕੁੜੀ ਮਾਪਿਆਂ ਦੇ ਗੱਲ ਲੱਗ ਕੇ ਰੋਂਦੀ ਹੈ, ਇਸੇ ਤਰ੍ਹਾਂ ਰੂਹ ਸ਼ਰੀਰ'ਚੋਂ ਦੁਖੀ ਹੋ ਕੇ ਨਿਕਲਦੀ ਹੈ ਪਰ ਉਹਦਾ ਦਰਦ ਵੰਡਾਉਣ ਵਾਲਾ ਕੋਈ ਨਹੀਂ।"26

ਇਉਂ ਅਸੀਂ ਕਹਿ ਸਕਦੇ ਹਾਂ ਕਿ ਮੌਤ ਦੇ ਸੰਕਲਪ ਦੀ ਪਿੱਠਭੂਮੀ ਵਿਚ ਉਸਾਰੀ ਜੀਵਨ ਦੇ ਸੁਹਜ ਦੀ ਹੀ ਕੀਤੀ ਜਾ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਾਬਾ ਫ਼ਰੀਦ ਆਪਣੇ ਕਲਾਮ ਵਿਚ ਸੰਵੇਦਨਸ਼ੀਲ ਸੁਹਜ ਪ੍ਰਬੰਧ ਸਿਰਜਣ ਲਈ ਯਤਨਸ਼ੀਲ ਹੈ। ਇਸੇ ਲਈ ਉਨ੍ਹਾਂ ਦੀ ਬਾਣੀ ਵਿਚ ਜੀਵਨ-ਗਤੀ ਬਕਾਇਦਾ ਸਿਲਸਿਲੇਵਾਰ ਜਾਂ ਪੜਾਅਵਾਰ ਪ੍ਰਤੱਵਣ ਗ੍ਰਹਿਣ ਕਰਦੀ ਹੈ। ਜਨਮ, ਜੁਆਨੀ, ਬੁਢਾਪਾ, ਸ਼ਰੀਰ ਦਾ ਅੰਤ ਅਤੇ ਜੀਵਨ ਦਾ ਹਰ ਪੜਾਅ ਬਾਬਾ ਫ਼ਰੀਦ ਦੀ ਸੰਵੇਦਨਾ ਨੂੰ ਆਧਾਰ ਪ੍ਰਦਾਨ ਕਰਦਾ ਹੈ ਅਤੇ ਹਰ ਪੜਾਅ ਦੇ ਨਾਲ ਮੌਤ ਜ਼ਰੂਰ ਖੜੀ ਹੈ। ਇਸ ਪ੍ਰਕਾਰ ਜ਼ਿੰਦਗੀ ਅਤੇ ਮੌਤ ਵਿਚਲਾ ਦਵੰਦ ਉਸਾਰਨ ਵਿਚ ਮੌਤ ਅਗਰਭੂਮੀ ਤੇ ਅਤੇ ਜ਼ਿੰਦਗੀ ਪਿੱਠਭੂਮੀ ਤੇ ਚਲੀ ਗਈ ਪ੍ਰਤੀਤ ਹੁੰਦੀ ਹੈ। ਇਸੇ ਕਾਰਣ ਬਾਬਾ ਫ਼ਰੀਦ ਦੀ ਬਾਣੀ ਦਾ ਮੂਲ ਆਧਾਰ ਜਿੱਥੇ ਜ਼ਿੰਦਗੀ ਹੈ ਉੱਥੇ ਮੌਤ ਪ੍ਰਤੱਖ ਰੂਪ ਵਿਚ ਇਸ ਬਾਣੀ ਨੂੰ ਅਭਿਵਿਅੰਜਨ ਪ੍ਰਦਾਨ ਕਰਦੀ ਨਜ਼ਰ ਆਉਂਦੀ ਹੈ।

ਜ਼ਿੰਦਗੀ ਅਤੇ ਮੌਤ ਦਾ ਇਹ ਪੜਾਅ ਬਾਬਾ ਫ਼ਰੀਦ ਬਾਣੀ ਵਿਚ ਨਿਰੰਤਰ ਗਤੀਮਾਨ ਹੈ। ਫ਼ਰੀਦ ਬਾਣੀ ਵਿਚ ਪਲੋ-ਪਲੀ ਵਧੀ ਆ ਰਹੀ ਮੌਤ ਦਾ ਵਰਨਣ ਤਾਂ ਭਰਵਾਂ ਹੈ ਪਰ ਜੀਵਨ ਦੀ ਪਰਵਾਹਮਾਨਤਾ ਨਾਲੋਂ ਫ਼ਰੀਦ ਜੀ ਅਸਲੋਂ ਹੀ ਟੁੱਟਦੇ ਨਹੀਂ ਸਗੋਂ ਉਸ ਨੂੰ ਪ੍ਰਤੱਖ ਵਿਚ ਰੱਖ ਕੇ ਜੀਵਨ ਜਾਚ ਦੀ ਉਸਾਰੀ ਕਰ ਰਹੇ ਹਨ। ਜੇਕਰ ਇਸ ਪੱਖ ਨੂੰ ਹੋਰ ਸਪਸ਼ਟ ਕਰਕੇ ਵੇਖਣਾ ਹੋਵੇ ਤਾਂ ਬਾਬਾ ਫ਼ਰੀਦ ਦੇ ਸਦਾਚਾਰ ਸੰਬੰਧੀ ਉਪਦੇਸ਼ਾਂ ਨੂੰ ਰੂਪਮਾਨ ਕਰਦੇ ਸਲੋਕਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ। ਜਿੰਨਾਂ ਵਿਚ ਜ਼ਿੰਦਗੀ ਮੁੱਲਾਂ ਤੇ ਡੱਟ ਕੇ ਪਹਿਰਾ ਦੇਣ ਦੀ ਗੱਲ ਕੀਤੀ ਗਈ ਹੈ। ਐਸਾ ਦ੍ਰਿਸ਼ਟੀਕੋਣ ਜ਼ਿੰਦਗੀ ਪ੍ਰਤੀ ਸਾਰਥਕ ਪਹੁੰਚ ਰੱਖਣ ਵਾਲੇ ਫ਼ਕੀਰ ਦਾ ਹੀ ਹੋ ਸਕਦਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਬਾਬਾ ਫ਼ਰੀਦ ਮੌਤ ਦਾ ਉਚੇਚਾ ਜ਼ਿਕਰ ਵੀ ਉਚੇਰੀ ਜੀਵਨ ਜਾਚ ਦੀ ਪ੍ਰੇਰਣਾ ਲਈ ਕਰ ਰਹੇ ਹਨ:-

"ਫ਼ਰੀਦਾ ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥"27

ਇਸੇ ਤਰ੍ਹਾਂ ਫ਼ਰੀਦ ਬਾਣੀ ਵਿਚੋਂ ਅਨੇਕਾਂ ਮਿਸਾਲਾਂ ਲਈਆਂ ਜਾ ਸਕਦੀਆਂ ਹਨ ਜਿੰਨਾਂ ਵਿਚ ਮੌਤ ਦਾ ਸੰਕਲਪ ਪ੍ਰੇਰਣਾ ਦਾ ਇਕ ਰੂਪ ਅਖ਼ਤਿਆਰ ਕਰਦਾ ਹੈ। ਅਸਲ ਵਿਚ ਫ਼ਰੀਦ ਜੀ ਦਾ ਮੁੱਖ ਪ੍ਰਯੋਜਨ ਮਨੁੱਖ ਨੂੰ ਮਾਇਆ ਤੋਂ ਨਿਰਲੇਪ ਰੱਖਣਾ ਹੈ:-

"ਸ਼ੇਖ ਫ਼ਰੀਦ ਜੀ ਦੇ ਬਾਣੀ ਸੰਸਾਰ ਵਿਚ ਮੌਤ ਅਤੇ ਇਸ ਦਾ ਡਰ ਇਕ ਨਿਰੰਤਰ ਆਉਣ ਵਾਲਾ ਥੀਮ (recurrent theme) ਹੈ। ਇਕ ਥਾਂ ਆਪ ਇਹ ਵੀ ਲਿਖਦੇ ਹਨ ਕਿ ਜਿਸ ਦਿਨ ਆਦਮੀ ਦਾ ਨਾੜੂਆ ਕੱਟਿਆ ਜਾਂਦਾ ਹੈ ਜੇ ਉਸ ਦਾ ਥੋੜਾ ਜਿਹਾ ਗਲਾ ਵੀ ਕੱਟ ਦਿੱਤਾ ਜਾਂਦਾ ਤਾਂ ਉਸ ਨੂੰ ਇਤਨੀਆਂ ਸਮੱਸਿਆਵਾਂ ਨਾਲ ਉਲਝਣਾ ਨਾ ਪੈਂਦਾ। ਇਤਨੇ ਦੁੱਖ ਉਠਾਉਣੇ ਨਾ ਪੈਂਦੇ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਸਲੋਕਾਂ ਵਿਚ ਜੀਵਨ ਦੀ ਨਾਸ਼ਮਾਨਤਾ ਦੇ ਬੜੇ ਸਜੀਵ ਪਰੰਤੂ ਭਿਆਨਕ ਚਿੱਤਰ ਪੇਸ਼ ਹੋਏ ਹਨ। ਕਈ ਵਾਰ ਅਜਿਹੇ ਸਲੋਕ ਪੜ੍ਹ ਕੇ ਅੱਜ ਦਾ ਪਾਠਕ ਉਦਾਸ ਹੋ ਜਾਂਦਾ ਹੈ ਅਤੇ ਉਸ ਦੇ ਮਨ ਵਿਚ ਵੈਰਾਗ ਦੇ ਭਾਵ ਜਾਗ੍ਰਿਤ ਹੋ ਜਾਂਦੇ ਹਨ। ਪਰੰਤੂ ਫ਼ਰੀਦ ਜੀ ਇਹ ਸਭ ਕੁੱਝ ਜਾਣ ਬੁੱਝ ਕੇ (intentionally) ਕਰ ਰਹੇ ਹਨ। ਉਹ ਜਾਣਦੇ ਹਨ ਕਿ ਉਨ੍ਹਾਂ ਦਾ ਸਮਕਾਲੀ ਅਤੇ ਉਤਰਕਾਲੀ ਮਨੁੱਖ ਮੋਹ-ਮਾਇਆ ਦੇ

ਆਕ੍ਰਸ਼ਣ ਵਿਚ ਇਸ ਕਦਰ ਉਲਝਿਆ ਰਹੇਗਾ ਕਿ ਉਹ ਕਦੇ ਵੈਰਾਗ ਦੀ ਸਥਿਤੀ ਵਿਚ ਪਹੁੰਚੇਗਾ ਹੀ ਨਹੀਂ। ਅਜੋਕੇ ਮਨੁੱਖ ਦੀ ਵੀ ਇਹੀ ਵਿਸੰਗਤੀ ਹੈ ਕਿ ਉਸ ਨੂੰ ਕਦੇ ਵੈਰਾਗ ਨਹੀਂ ਆਉਂਦਾ। ਵੈਰਾਗ ਦੀ ਸਥਿਤੀ ਜਾਗ੍ਰਿਤ ਹੋਏ ਬਿਨਾਂ ਮਨੁੱਖ ਮਨੁੱਖ ਨਹੀਂ ਹੈ। ਉਸ ਸੂਰਤ ਵਿਚ ਤਾਂ ਉਹ ਇਕ ਰਾਕਸ਼ਸ਼ ਹੈ ਜੋ ਸੰਸਾਰ ਦੀ ਹਰ ਵਸਤੂ ਨੂੰ ਕੇਵਲ ਖਾਣ ਜਾਂ ਭੋਗਣ ਦੀ ਦ੍ਰਿਸ਼ਟੀ ਤੋਂ ਹੀ ਨਿਰਖਦਾ-ਪਰਖਦਾ ਹੈ। ਬਾਬਾ ਫ਼ਰੀਦ ਜੀ ਇਤਨੇ ਸਜੀਵ ਅਤੇ ਯਥਾਰਥਕ ਚਿੱਤਰ ਕੇਵਲ ਇਸ ਲਈ ਉਲੀਕ ਰਹੇ ਹਨ ਤਾਂ ਜੋ ਮਨੁੱਖ ਮੋਹ-ਮਾਇਆ ਦੇ ਚੱਕਰ ਤੋਂ ਮੁਕਤ ਹੋ ਕੇ ਕੁੱਝ ਪਲਾਂ ਲਈ ਆਤਮ-ਨਿਰੀਖਣ ਕਰ ਸਕੇ ਆਪਣੇ ਮਾਨਵੀ ਉਦੇਸ਼ ਤੋਂ ਸਪਸ਼ਟ ਹੋ ਸਕੇ ਅਤੇ ਫਿਰ ਉਸ ਮਾਨਵੀ ਉਦੇਸ਼ ਦੀ ਪੂਰਤੀ ਲਈ ਆਪਣੀ ਪੂਰੀ ਵਾਹ ਲਾ ਸਕੇ।"28

ਫ਼ਰੀਦ ਬਾਣੀ ਵਿਚ ਪੇਸ਼ ਮੌਤ ਦੇ ਸੰਕਲਪ ਬਾਰੇ ਕਾਵਿ-ਸ਼ਾਸਤਰੀ ਦ੍ਰਿਸ਼ਟੀ ਤੋਂ ਇਲਾਵਾ ਕੁੱਝ ਹੋਰ ਪੱਖਾਂ ਤੇ ਵੀ ਝਾਤ ਪਾਉਂਣੀ ਜ਼ਰੂਰੀ ਜਾਪਦੀ ਹੈ। ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਫ਼ਰੀਦ ਬਾਣੀ ਦਾ ਕਾਵਿ ਮੁਹਾਵਰਾ, ਕਾਵਿ ਬਿੰਬ ਅਤੇ ਪ੍ਰਤੀਕ ਇਸਲਾਮ ਤੋਂ ਪ੍ਰਭਾਵਿਤ ਹਨ। ਇਸੇ ਤਰ੍ਹਾਂ ਮੌਤ ਦੇ ਸੰਕਲਪ ਪਿੱਛੇ ਵੀ ਸਾਮੀ ਚਿੰਤਨ ਹੀ ਕਾਰਜਸ਼ੀਲ ਹੈ। ਆਪ ਦੀ ਬਾਣੀ ਵਿਚ ਮੌਤ ਨਾਲ ਸੰਬੰਧਤ ਸ਼ਬਦਾਵਲੀ ਤੇ ਸੰਕਲਪ ਸਭ ਇਸਲਾਮ ਦੀ ਵਿਚਾਰਧਾਰਾ ਅਨੁਸਾਰ ਹੀ ਵਰਤੇ ਗਏ ਹਨ:-

"ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥"29

ਇਹ ਮਲਕਲ ਮੌਤ ਇਸਲਾਮ ਅਨੁਸਾਰ ਮੌਤ ਦਾ ਫ਼ਰਿਸ਼ਤਾ ਹੈ। ਇਸੇ ਤਰ੍ਹਾਂ ਮਰਨ ਤੋਂ ਮਗਰੋਂ ਇਸਲਾਮ ਅਨੁਸਾਰ ਵਾਲ ਤੋਂ ਨਿੱਕੇ ਪੁਲ ਤੋਂ ਰੂਹ ਨੂੰ ਪਾਰ ਜਾਣਾ ਪੈਂਦਾ ਹੈ। ਇਸੇ ਤਰ੍ਹਾਂ ਦਰਗਾਹ ਦਾ ਸੰਕਲਪ ਵੀ ਸਾਮੀ ਚਿੰਤਨ ਦੀ ਦੇਣ ਹੈ। ਇਸਲਾਮੀ ਰਿਵਾਜ਼ ਦੇ ਅਨੁਸਾਰ ਮੁਰਦੇ ਨੂੰ ਕਬਰ ਵਿਚ ਦਫਨਾਇਆ ਜਾਂਦਾ ਹੈ, ਜਿਸ ਨੂੰ ਗੋਰ ਕਿਹਾ ਜਾਂਦਾ ਹੈ। ਬਾਬਾ ਫ਼ਰੀਦ ਜੀ ਆਪਣੇ ਕਲਾਮ ਵਿਚ ਵਾਰ ਗੋਰ ਦਾ ਵੀ ਵਰਨਣ ਕਰਦੇ ਹਨ:-

"ਫ਼ਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ॥

ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ॥ ”30

ਇਸ ਸਲੋਕ ਵਿਚ ਗੋਰ ਦਾ ਵਰਨਣ ਬਾਬਾ ਫ਼ਰੀਦ ਜੀ ਦੀ ਸਾਰੀ ਰਚਨਾ ਵਿਚਲੇ ਮੌਤ ਦੇ ਸੰਕਲਪ ਨੂੰ ਇਸਲਾਮੀ ਚਿੰਤਨ ਨਾਲ ਜੋੜਦਾ ਹੈ। ਫ਼ਰੀਦ ਬਾਣੀ ਵਿਚ ਮੌਤ ‘ਅਸਲ ਸੱਚ’ ਦੇ ਰੂਪ ਵਿਚ ਪੇਸ਼ ਕੀਤੀ ਗਈ ਹੈ। ਫ਼ਰੀਦ ਬਾਣੀ ਵਿਚ ਮੌਤ ਸੰਕਲਪ ਦੀ ਪੱਧਰ ਤੇ ਬਿਆਨੀ ਗਈ ਹੈ। ਅੰਤਮ ਰੂਪ ਵਿਚ ਮੌਤ ਬਾਬਾ ਫ਼ਰੀਦ ਦੀ ਰਚਨਾ ਵਿੱਚ ਸੁਝਾਊ ਤੇ ਪ੍ਰੇਰਕ ਸੋਮੇ ਵਾਂਗ ਹੀ ਉਭਰਦੀ ਹੈ ਪਰ ਪੇਸ਼ਕਾਰੀ ਦੇ ਪੱਖੋਂ ਫ਼ਰੀਦ ਜੀ ਇਸ ਨੂੰ ਬੰਜਰ ਸੱਚ ਵੱਜੋਂ ਹੀ ਸਿਰਜਦੇ ਹਨ।

**ਫ਼ਰੀਦ ਬਾਣੀ ਦਾ ਨੈਤਿਕ ਪੱਖ:-**

ਫ਼ਰੀਦ ਬਾਣੀ ਦੇ ਨੈਤਿਕ ਪੱਖ ਬਾਰੇ ਵਿਚਾਰ ਚਰਚਾ ਕਰਨ ਤੋਂ ਪਹਿਲਾਂ ਨੈਤਿਕਤਾ ਦੇ ਸੰਕਲਪ ਨੂੰ ਸਪਸ਼ਟ ਕਰ ਲੈਣਾ ਜ਼ਰੂਰੀ ਜਾਪਦਾ ਹੈ। ਨੈਤਿਕਤਾ ਅਤੇ ਸਦਾਚਾਰ ਮਨੁੱਖ ਵਿਹਾਰ ਅਤੇ ਆਚਰਣ ਦੀਆਂ ਉਨ੍ਹਾਂ ਕਦਰਾਂ-ਕੀਮਤਾਂ ਵੱਲ ਸੰਕੇਤ ਕਰਦਾ ਹੈ, ਜਿੰਨਾਂ ਨੂੰ ਸ਼ੁਭ ਮੰਨਿਆ ਜਾਂਦਾ ਹੈ। ਇਸੇ ਲਈ ਨੇਕੀ ਅਤੇ ਬਦੀ ਦੇ ਸੰਕਲਪ ਨੈਤਿਕਤਾ ਦੀ ਬੁਨਿਆਦ ਮੰਨੇ ਜਾਂਦੇ ਹਨ। ਨੈਤਿਕਤਾ ਦਾ ਇਕ ਪੱਖ ਇਹ ਹੈ ਜਿਸ ਦਾ ਸੰਬੰਧ ਮਨੁੱਖ ਦੀ ਆਪਣੀ ਸ਼ਖਸ਼ੀਅਤ ਨਾਲ ਹੈ ਅਤੇ ਦੂਸਰਾ ਪੱਖ ਉਹ ਹੈ ਜੋ ਮਨੁੱਖ ਹੋਰਨਾਂ ਪ੍ਰਤੀ ਵਿਹਾਰ ਨੂੰ ਨਿਰਧਾਰਿਤ ਕਰਦਾ ਹੈ।

ਮਨੁੱਖੀ ਆਚਾਰ ਅਤੇ ਵਿਹਾਰ ਵਿਚ ਚੰਗੇ ਅਤੇ ਮਾੜੇ ਦਾ ਨਿਰਣਾ ਕਰਨ ਦੀਆਂ ਕਈ ਕਸਵੱਟੀਆਂ ਪ੍ਰਚਲਿਤ ਰਹੀਆਂ ਹਨ। ਆਦਮ-ਕਲੀਨ ਸਭਿਅਤਾਵਾਂ ਵਿਚ ਨੈਤਿਕਤਾ ਦਾ ਆਧਾਰ ਕਿਸੇ ਮਨੁੱਖੀ ਸਮਾਜ ਵਿਚ ਪ੍ਰਚਲਿਤ ਰਸਮਾਂ-ਰੀਤਾਂ ਉੱਪਰ ਹੁੰਦਾ ਹੈ। ਮੱਧਕਾਲ ਵਿਚ ਨੈਤਿਕਤਾ ਦਾ ਆਧਾਰ ਬਦਲ ਕੇ ਅਧਿਆਤਮਵਾਦੀ ਜਾਂ ਈਸ਼ਵਰਵਾਦੀ ਧਾਰਨਾਵਾਂ ਉੱਤੇ ਰੱਖਿਆ ਗਿਆ। ਪਹਿਲਾਂ ਪਹਿਲ ਸਦਾਚਾਰ ਉਹ ਸੀ ਜੋ ਲੋਕ ਪ੍ਰਚਲਿਤ ਰੀਤਾਂ ਦੇ ਅਨੁਕੂਲ ਹੋਵੇ ਅਤੇ ਬਾਅਦ ਵਿਚ ਇਹ ਕਿਸੇ ਵਿਸ਼ੇਸ਼ ਧਾਰਮਿਕ ਪ੍ਰਬੰਧ ਦੇ ਅਨੁਸਾਰ ਹੋਣ ਦਾ ਲਖਾਇਕ ਬਣ ਗਿਆ।

ਫ਼ਰੀਦ ਬਾਣੀ ਮੱਧਕਾਲੀ ਯੁਗ ਦੀ ਸਿਰਜਣਾ ਹੈ। ਇਸ ਲਈ ਇਸ ਵਿਚ ਨੈਤਿਕਤਾ ਦਾ ਮੂਲ ਪ੍ਰੇਰਣਾ ਸ੍ਰੋਤ ਧਾਰਮਿਕ ਹੀ ਹੈ। ਫ਼ਰੀਦ ਜੀ ਸੂਫ਼ੀ ਵਿਚਾਰਧਾਰਾ ਦੇ ਹਮਾਇਤੀ ਸਨ, ਇਸ ਲਈ ਉਨ੍ਹਾਂ ਦੀ ਬਾਣੀ ਵਿਚ ਨੇਕੀ ਅਤੇ ਬਦੀ ਨੂੰ ਰੂਹਾਨੀ ਚੇਤਨਤਾ ਅਨੁਸਾਰ ਹੀ ਪਰਿਭਾਸ਼ਿਤ ਕੀਤਾ ਗਿਆ ਹੈ। ਸੂਫ਼ੀ ਵਿਚਾਰਧਾਰਾ ਦੇ ਅਨੁਸਾਰ ਜੇ ਰੱਬ ਮਨੁੱਖ ਦੇ ਹਿਰਦੇ ਅੰਦਰ ਨਿਵਾਸ ਰੱਖਦਾ ਹੈ ਤਾਂ ਨੈਤਿਕਤਾ ਦਾ ਨਿਰਣਾ ਵੀ ਮਨੁੱਖ ਆਪਣੇ ਹਿਰਦੇ ਅੰਦਰ ਝਾਤੀ ਮਾਰ ਕੇ ਕਰ ਸਕਦਾ ਹੈ:-

"ਫ਼ਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖੁ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥"31

ਇਹ ਨੈਤਿਕਤਾ ਰਹੱਸਵਾਦੀ ਅਨੁਭਵ ਅਤੇ ਬੋਧ ਦੀ ਉਪਜ ਹੈ ਜੋ ਰੱਬ ਦੀ ਹਜ਼ੂਰੀ ਵਿਚ ਵਿਚਰਨ ਵਾਲੇ ਮਨੁੱਖ ਦਾ ਲੱਛਣ ਹੈ। ਆਪਨੜੇ ਗਿਰੀਵਾਨ ਵਿਚ ਸਿਰ ਨੀਵਾਂ ਕਰਕੇ ਦੇਖਣ ਦਾ ਅਰਥ ਹੈ ਆਪਣੀ ਅੰਤਰ-ਆਤਮਾ ਨੂੰ ਜਾਗ੍ਰਿਤ ਕਰਨਾ ਅਤੇ ਉਸ ਜਾਗੇ ਹੋਏ ਅੰਤਹਕਰਣ ਅਨੁਸਾਰ ਆਚਰਣ ਅਤੇ ਵਿਹਾਰ ਕਰਨਾ।

ਨੈਤਿਕਤਾ ਦੀ ਇਸ ਤੋਂ ਬਿਹਤਰੀਨ ਕਸਵੱਟੀ ਹੋਰ ਕਿਹੜੀ ਹੋ ਸਕਦੀ ਹੈ? ਜਦੋਂ ਕੋਈ ਮਨੁੱਖ ਆਪਣੀ ਅੰਤਰ-ਆਤਮਾ ਵਿੱਚ ਝਾਤੀ ਮਾਰ ਕੇ ਕੋਈ ਕਾਰਜ ਕਰਦਾ ਹੈ ਤਾਂ ਉਹ ਖ਼ੁਦ ਬੁਰੇ ਭਲੇ ਦਾ ਨਿਰਣਾ ਕਰਨ ਦੇ ਯੋਗ ਹੋ ਜਾਂਦਾ ਹੈ।

ਨੈਤਿਕਤਾ ਦੀ ਇਸ ਬੁਨਿਆਦੀ ਕਸਵੱਟੀ ਤੋਂ ਇਲਾਵਾ ਫ਼ਰੀਦ ਬਾਣੀ ਵਿਚ ਕੁੱਝ ਅਜਿਹੀਆਂ ਕਦਰਾਂ ਕੀਮਤਾਂ ਨੂੰ ਵੀ ਸਥਾਪਿਤ ਕੀਤਾ ਗਿਆ ਹੈ ਜੋ ਮਨੁੱਖ ਦੇ ਨੈਤਿਕ ਵਿਹਾਰ ਦੀ ਸੁਯੋਗ ਅਗੁਵਾਈ ਕਰ ਸਕਦਾ ਹੈ। ਫ਼ਰੀਦ ਬਾਣੀ ਦੇ ਹੇਠ ਲਿਖੇ ਸਲੋਕਾਂ ਵਿਚ ਕੁੱਝ ਅਜਿਹੀਆਂ ਕਦਰਾਂ ਕੀਮਤਾਂ ਵੱਲ ਸੰਕੇਤ ਕੀਤਾ ਗਿਆ ਹੈ:-

"ਫ਼ਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥"32

ਅਤੇ ਇਸ ਦੇ ਨਾਲ ਹੀ ਬਾਬਾ ਫ਼ਰੀਦ ਜੀ ਕਹਿੰਦੇ ਹਨ:-

"ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਇ॥
ਦੇਹੀ ਰੋਗੁ ਨਾ ਲਗਈ ਪਲੈ ਸਭੁ ਕਿਛੁ ਪਾਇ॥ "33

ਬੁਰੇ ਦਾ ਭਲਾ ਕਰਨਾ ਅਤੇ ਮੁਕੀਆਂ ਮਾਰਨ ਵਾਲੇ ਦੇ ਪੈਰ ਚੁੰਮਣਾ ਹਿੰਸਕ ਵਿਹਾਰ ਦਾ ਢੁੱਕਵਾਂ ਪ੍ਰਤੀ-ਉੱਤਰ ਹੈ। ਦੇਖਿਆ ਜਾਵੇ ਤਾਂ ਇਹ ਅਹਿੰਸਾ ਤੋਂ ਅਗਲਾ ਪੜਾਉ ਹੈ ਜੋ ਅਥਾਹ ਨੈਤਿਕ ਦਲੇਰੀ ਦੀ ਮੰਗ ਕਰਦਾ ਹੈ। ਅਜੋਕੇ ਸਮਾਜ ਵਿਚ ਜਿਥੇ ਆਪਸੀ ਵੈਰ-ਵਿਰੋਧ, ਨਫ਼ਰਤ ਅਤੇ ਹਿੰਸਾ ਦਾ ਫੈਲਾਅ ਹੈ, ਫ਼ਰੀਦ ਬਾਣੀ ਦਾ ਇਹ ਨੈਤਿਕ ਆਦਰਸ਼ ਹੋਰ ਵੀ ਵਧੇਰੇ ਪ੍ਰਾਸੰਗਿਕ ਮਹਿਸੂਸ ਕਰਦਾ ਹੈ। ਇਉਂ ਫ਼ਰੀਦ ਬਾਣੀ ਵਿਚ ਇਕ ਅਜਿਹੀ ਨੈਤਿਕਤਾ ਉੱਪਰ ਬਲ ਦਿੱਤਾ ਗਿਆ ਹੈ ਜੋ ਜਾਗੇ ਹੋਏ ਅੰਤਹਕਰਣ ਵਿਚੋਂ ਪੈਦਾ ਹੁੰਦੀ ਹੈ ਅਤੇ ਹੋਰਨਾਂ ਦੇ ਅੰਤਹਕਰਣ ਨੂੰ ਜਗਾਉਣਾ ਲੋਚਦੀ ਹੈ। ਇਹ ਮਨੋਵਿਗਿਆਨਕ ਹਕੀਕਤ ਹੈ ਕਿ ਜਦੋਂ ਕੋਈ ਨਿਮਰ ਵਿਅਕਤੀ ਬੁਰੇ ਦਾ ਭਲਾ ਕਰਨ ਦੀ ਦਲੇਰੀ ਕਰਦਾ ਹੈ ਤਾਂ ਬੁਰੇ ਵਿਅਕਤੀ ਨੂੰ ਆਪਣੀ ਬੁਰਾਈ ਦਾ ਅਹਿਸਾਸ ਜ਼ਰੂਰ ਹੁੰਦਾ ਹੈ।

ਇਉਂ ਅਸੀਂ ਦੇਖ ਸਕਦੇ ਹਾਂ ਕਿ ਫ਼ਰੀਦ ਬਾਣੀ ਵਿਚ ਨੈਤਿਕ ਕਦਰਾਂ-ਕੀਮਤਾਂ ਦੇ ਮੂਲ ਆਧਾਰ ਨੂੰ ਪ੍ਰਵਾਣਗੀ ਦਿੱਤੀ ਗਈ ਹੈ। ਇਹ ਨੈਤਿਕਤਾ ਸੂਫ਼ੀ ਵਿਚਾਰਧਾਰਾ ਦੀਆਂ ਮੂਲ ਧਾਰਨਾਵਾਂ ਤੋਂ ਪ੍ਰੇਰਣਾ ਗ੍ਰਹਿਣ ਕਰਦੀ ਹੈ। ਇਸ ਵਿਚ ਮਨੁੱਖੀ ਆਚਰਣ ਅਤੇ ਵਿਹਾਰ ਨੂੰ ਸੇਧ ਦੇਣ ਦੀ ਸਦੀਵੀ ਪ੍ਰੇਰਣਾ ਕਾਰਜਸ਼ੀਲ ਦਿਖਾਈ ਦਿੰਦੀ ਹੈ।

**ਫ਼ਰੀਦ ਬਾਣੀ ਦਾ ਦਾਰਸ਼ਨਿਕ ਪੱਖ:-**

ਦਰਸ਼ਨ ਦਾ ਸੰਬੰਧ ਜੀਵਨ ਅਤੇ ਜਗਤ ਦੀ ਤਰਕ-ਸੰਗਤ ਵਿਆਖਿਆ ਨਾਲ ਹੈ। ਦਰਸ਼ਨ ਸ਼ਾਸਤਰ ਜਿੰਨਾਂ ਮੂਲ ਪ੍ਰਸ਼ਨਾਂ ਨੂੰ ਲੈ ਕੇ ਤੁਰਦਾ ਹੈ ਉਹ ਇਸ ਤਰ੍ਹਾਂ ਹਨ। ਮਨੁੱਖ ਕੀ ਹੈ? ਇਸਦਾ ਦਿੱਸਦੇ ਜਗਤ ਜਾਂ ਬ੍ਰਹਿਮੰਡ ਨਾਲ ਕੀ ਰਿਸ਼ਤਾ ਹੈ? ਦਿੱਸਦਾ ਬ੍ਰਹਿਮੰਡ ਕੀ ਹੈ? ਗਿਆਨ ਕੀ ਹੈ ਅਤੇ ਉਹ ਕਿਵੇਂ ਪ੍ਰਾਪਤ ਹੁੰਦਾ ਹੈ? ਦੂਸਰੇ ਸ਼ਬਦਾਂ ਵਿਚ ਦਰਸ਼ਨ ਮਨੁੱਖੀ ਜੀਵਨ ਅਤੇ ਯਥਾਰਥ ਨੂੰ ਤਰਕ ਅਤੇ ਵਿਵੇਕ ਅਨੁਸਾਰ ਸਮਝਣ ਅਤੇ ਸਮਝਾਉਣ ਦਾ ਉਪਰਾਲਾ ਹੈ।

ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਵੀ ਜੀਵਨ ਅਤੇ ਜਗਤ ਦੇ ਇਨ੍ਹਾਂ ਮੁੱਢਲੇ ਪ੍ਰਸ਼ਨਾਂ ਬਾਰੇ ਸੋਝੀ ਦ੍ਰਿਸ਼ਟੀਗੋਚਰ ਹੁੰਦੀ ਹੈ। ਭਾਵੇਂ ਇਸ ਬਾਣੀ ਵਿਚ ਦਾਰਸ਼ਨਿਕ ਚਿੰਤਨ ਦਾ ਕੋਈ ਲੜੀਵਾਰ ਪ੍ਰਬੰਧ ਉਸਾਰਨ ਦੀ ਚੇਸ਼ਟਾ ਨਹੀਂ ਕੀਤੀ ਗਈ, ਤਾਂ ਵੀ ਇਸ ਵਿਚ ਜੀਵਨ ਦੀ ਦਾਰਸ਼ਨਿਕ ਵਿਆਖਿਆ ਨਾਲ ਜੁੜੇ ਹੋਏ ਕੁੱਝ ਕਥਨ ਜ਼ਰੂਰ ਮਿਲਦੇ ਹਨ। ਅਜਿਹਾ ਹੋਣਾ ਸੁਭਾਵਕ ਹੀ ਹੈ ਕਿਉਂਕਿ ਫ਼ਰੀਦ ਬਾਣੀ ਮੂਲ ਰੂਪ ਵਿਚ ਕਵਿਤਾ ਜਾਂ ਸ਼ਾਇਰੀ ਹੈ, ਦਰਸ਼ਨ ਸ਼ਾਸਤਰ ਨਹੀਂ।

ਇਸ ਵਿਚ ਮਿਲਦੇ ਦਾਰਸ਼ਨਿਕ ਸੰਕਲਪਾਂ ਦੀ ਸਹਾਇਤਾ ਨਾਲ ਭਾਵੇਂ ਅਸੀਂ ਬਾਬਾ ਫ਼ਰੀਦ ਜੀ ਦੇ ਫ਼ਲਸਫ਼ੇ ਦੀ ਰੂਪ ਰੇਖਾ ਨੂੰ ਉਲੀਕ ਸਕਦੇ ਹਾਂ। ਹਕੀਕਤ ਵਿਚ ਇਹ ਬਾਣੀ ਫ਼ਲਸਫ਼ੇ ਨੂੰ ਕਾਵਿਮਈ ਢੰਗ ਨਾਲ ਪ੍ਰਗਟਾਉਣ ਵੱਲ ਰੁਚਿਤ ਹੁੰਦੀ ਹੈ।

ਫ਼ਰੀਦ ਬਾਣੀ ਦੇ ਦਾਰਸ਼ਨਿਕ ਪੱਖ ਦਾ ਅਧਿਐਨ ਕਰਦੇ ਹੋਏ ਅਸੀਂ ਕੁੱਝ ਅਜਿਹੇ ਦਾਰਸ਼ਨਿਕ ਸੰਕਲਪਾਂ ਦੀ ਪਛਾਣ ਕਰਦੇ ਹਾਂ ਜੋ ਫ਼ਰੀਦ ਜੀ ਦੇ ਸਮੁੱਚੇ ਦਾਰਸ਼ਨਿਕ ਦ੍ਰਿਸ਼ਟੀਕੋਣ ਦੀ ਜਾਣਕਾਰੀ ਦਿੰਦੇ ਹਨ। ਉਨ੍ਹਾਂ ਦੀ ਵਿਸ਼ਵ-ਦ੍ਰਿਸ਼ਟੀ ਦੀ ਰੂਪ-ਰੇਖਾ ਨੂੰ ਪੇਸ਼ ਕਰਦੇ ਹਨ:-

"ਪਰਵਦਗਾਰ ਅਪਾਰ ਅਗਮ ਬੇਅੰਤ ਤੂ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥"34

ਇਨ੍ਹਾਂ ਪੰਗਤੀਆਂ ਵਿਚ ਇਕ ਅਜਿਹੀ ਅਪਰ-ਅਪਾਰ ਹਸਤੀ ਦਾ ਸੰਕਲਪ ਸਾਹਮਣੇ ਆਉਂਦਾ ਹੈ ਜੋ ਸਮੁੱਚੇ ਬ੍ਰਹਿਮੰਡ ਦੀ ਸਿਰਜਣਾ ਹੈ। ਇਸ ਅਪਰ-ਅਪਾਰ ਹਸਤੀ ਨੂੰ ਫ਼ਰੀਦ ਬਾਣੀ ਵਿਚ ਅੱਲ੍ਹਾ ਜਾਂ ਖ਼ੁਦਾ ਵੀ ਕਿਹਾ ਗਿਆ ਹੈ। ਜੋ ਇਸਲਾਮ ਧਰਮ ਦੀ ਇਕ ਈਸ਼ਵਰਵਾਦੀ ਧਾਰਨਾ ਦਾ ਅੰਗ ਹੈ। ਫ਼ਰੀਦ ਬਾਣੀ ਦੇ ਦਾਰਸ਼ਨਿਕ ਪੱਖ ਨੂੰ ਸਮਝਣ ਲਈ ਇਹ ਗੱਲ ਬਹੁਤ ਮਹੱਤਵਪੂਰਨ ਹੈ ਕਿਉਂਕਿ ਜੋ ਇਹ ਫ਼ਰੀਦ ਜੀ ਦੀ ਵਿਸ਼ਵ ਦ੍ਰਿਸ਼ਟੀ ਦੇ ਕੇਂਦਰੀ ਪੱਖ ਵੱਲ ਸੰਕੇਤ ਕਰਦੀ ਹੈ। ਫ਼ਰੀਦ ਜੀ ਦਾਰਸ਼ਨਿਕ ਦ੍ਰਿਸ਼ਟੀ ਤੋਂ ਇਕ ਅਜਿਹੇ ਰੱਬ ਦਾ ਸੰਕਲਪ ਲੈ ਕੇ ਤੁਰਦੇ ਹਨ ਜੋ ਸ੍ਰਿਸ਼ਟੀ ਦਾ ਪਾਲਣਹਾਰ ਅਤੇ ਗੁਨਾਹਾਂ ਨੂੰ ਬਖਸ਼ਣਹਾਰ ਹੈ।

ਫ਼ਰੀਦ ਬਾਣੀ ਵਿਚ ਪੇਸ਼ ਹੋਇਆ ਮਾਨਵ ਦਾ ਸੰਕਲਪ ਇਸਲਾਮੀ ਧਰਮ ਗ੍ਰੰਥ ਕੁਰਾਨ ਦੀ ਸਿੱਖਿਆ ਦੇ ਅਨੁਕੂਲ ਹੀ ਹੈ ਜਿਸ ਵਿਚ ਮਨੁੱਖ ਨੂੰ ਰੱਬ ਵੱਲੋਂ ਸਾਜੀ ਗਈ ਇਕ ਅਜਿਹੀ ਹੋਂਦ ਮੰਨਿਆ ਗਿਆ ਹੈ ਜਿਸ ਵਿਚ ਉੱਚੇ ਤੋਂ ਉੱਚੇ ਦੈਵੀ ਤੱਤ ਦਾ ਗਿਆਨ/ਪ੍ਰਕਾਸ਼ ਵੀ ਹੈ ਤੇ ਕਾਇਨਾਤ ਦੇ ਨੀਵੇਂ ਤੋਂ ਨੀਵੇਂ ਅੰਸ਼ ਦਾ ਸੁਮੇਲ ਵੀ ਹੈ। ਉਹ ਖਾਕ ਵੀ ਰਹਿੰਦਾ ਹੈ ਪਰ ਨੂਰ ਬਨਣ ਦੀਆਂ ਸੰਭਾਵਨਾਵਾਂ ਨਾਲ ਭਰਪੂਰ ਹੈ। ਫ਼ਰੀਦ ਬਾਣੀ ਵਿਚ ਮਨੁੱਖੀ ਜੀਵਨ ਦੇ ਇਨ੍ਹਾਂ ਬਾਕੀ ਅੰਸ਼ਾਂ ਅਤੇ ਨੂਰੀ ਅੰਸ਼ਾਂ ਨੂੰ ਲੈ ਕੇ ਜੋ ਕਥਨ ਕੀਤੇ ਗਏ ਹਨ ਉਨ੍ਹਾਂ ਦੀ ਸਹਾਇਤਾ ਨਾਲ ਇਕ ਨਿਸ਼ਚਿਤ ਦਾਰਸ਼ਨਿਕ ਪ੍ਰਬੰਧ ਉਸਾਰਿਆ ਜਾ ਸਕਦਾ ਹੈ। ਫ਼ਰੀਦ ਬਾਣੀ ਵਿਚ ਖਾਕ ਨੂੰ ਨਾਸ਼ਮਾਨ ਸੰਸਾਰ ਦਾ ਮੂਲ ਤੱਤ ਆਖਿਆ ਗਿਆ ਹੈ। ਇਹ ਖਾਕ ਨੀਵੀਂ ਤਾਂ ਹੈ ਪਰ ਨਿੰਦਣਯੋਗ ਨਹੀਂ:-

"ਫ਼ਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨਾ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥"35

ਖਾਕ ਦੀਆਂ ਬਣੀਆਂ ਹੋਈਆਂ ਸਾਰੀਆਂ ਵਸਤਾਂ ਅਤੇ ਮੂਰਤਾਂ ਅੰਤ ਵਿਚ ਖਾਕ ਹੀ ਬਣ ਜਾਂਦੀਆਂ ਹਨ। ਫ਼ਰੀਦ ਬਾਣੀ ਇਸ ਗੱਲ ਨੂੰ ਦ੍ਰਿੜ ਕਰਨ ਲਈ ਕਈ ਉਦਾਹਰਣਾਂ ਦਿੰਦੀ ਹੈ।

ਬੰਦੇ ਅਤੇ ਖੁਦਾ ਦਾ ਆਪਸ ਵਿਚ ਕੀ ਰਿਸ਼ਤਾ ਹੈ, ਇਸ ਗੱਲ ਬਾਰੇ ਵੱਖ-ਵੱਖ ਦਾਰਸ਼ਨਿਕ ਪੱਖ ਹਨ। ਕੋਈ ਬੰਦੇ ਨੂੰ ਰੱਬ ਦਾ ਹੀ ਰੂਪ ਮੰਨਦਾ ਹੈ ਤੇ ਕੋਈ ਉਸ ਨੂੰ ਰੱਬ ਤੋਂ ਵੱਖਰੀ ਅਤੇ ਦੁਰਾਡੀ ਸ਼ੈਅ ਮੰਨਦਾ ਹੈ। ਇਸੇ ਤਰ੍ਹਾਂ ਰੱਬ ਬਾਰੇ ਵੀ ਵੱਖ-ਵੱਖ ਤਰ੍ਹਾਂ ਦੇ ਵਿਚਾਰ ਪ੍ਰਚਲਿਤ ਹਨ ਅਰਥਾਤ ਰੱਬ ਦਾ ਸ੍ਰਿਸ਼ਟੀ ਨਾਲ ਕੀ ਰਿਸ਼ਤਾ ਹੈ? ਕੀ ਉਹ ਸ੍ਰਿਸ਼ਟੀ ਦੇ ਵਿੱਚ ਵੱਸਦਾ ਹੈ ਜਾਂ ਅਪਰ-ਅਪਾਰ ਹੈ? ਇਨ੍ਹਾਂ ਪ੍ਰਸ਼ਨਾਂ ਨੂੰ ਫ਼ਰੀਦ ਬਾਣੀ ਨੇ ਆਪਣੇ ਢੰਗ ਨਾਲ ਪੇਸ਼ ਕੀਤਾ ਹੈ।

ਇਸ ਤਰ੍ਹਾਂ ਕੀਤੀ ਗਈ ਵਿਚਾਰ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਫ਼ਰੀਦ ਬਾਣੀ ਖ਼ਾਲਕ ਅਤੇ ਖ਼ਲਕ ਵਿਚ ਨਜਦੀਕੀ ਰਿਸ਼ਤਾ ਮੰਨਦੀ ਹੈ। ਫ਼ਰੀਦ ਬਾਣੀ ਇੱਕ ਈਸ਼ਵਰਵਾਦੀ ਧਾਰਨਾ ਦਾ ਸਮਰਥਨ ਕਰਦੀ ਹੈ ਅਤੇ ਰੱਬ ਨੂੰ ਸ੍ਰਿਸ਼ਟੀ ਅਤੇ ਮਨੁੱਖ ਦਾ ਸਿਰਜਣਹਾਰ ਮੰਨਣ ਦਾ ਸੰਕਲਪ ਸਾਹਮਣੇ ਲਿਆਉਂਦੀ ਹੈ। ਮਨੁੱਖ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਖ਼ੁਦੀ ਅਤੇ ਗੁਮਾਨ ਨਾਲ ਭਰਿਆ ਹੋਇਆ ਖਾਕ ਦੇ ਪਸਾਰੇ ਵਿੱਚ ਹੀ ਵਿਚਰਦਾ ਰਹਿ ਸਕਦਾ ਹੈ।

ਅਜਿਹਾ ਮਨੁੱਖ ਆਪਣੇ ਹਿਰਦੇ ਅੰਦਰ ਵੱਸਦੇ ਰੱਬ ਨੂੰ ਪ੍ਰੇਮਾ-ਭਗਤੀ ਅਤੇ ਬੰਦਗੀ ਨਾਲ ਪ੍ਰਾਪਤ ਕਰਕੇ ਉੱਚੇ ਤੋਂ ਉੱਚੇ ਲਕਸ਼ ਦੀ ਪ੍ਰਾਪਤੀ ਵੀ ਕਰ ਸਕਦਾ ਹੈ।

ਪ੍ਰੋਫੈਸਰ ਕਿਸ਼ਨ ਸਿੰਘ ਵੀ ਇਹੋ ਸਵੀਕਾਰ ਕਰਦਾ ਹੈ ਕਿ, " ਸੂਫ਼ੀ ਦਾ ਲਕਸ਼ ਉਸ ਸਰਬ-ਸ਼ਕਤੀਮਾਨ, ਸਰਬ-ਵਿਆਪਕ ਰੱਬ ਵਿਚ ਇਕ-ਮਿਕ ਹੋਣਾ ਹੈ। ਇਸ ਪ੍ਰਾਪਤੀ ਦਾ ਸਾਧਨ, ਸੂਫ਼ੀ ਦੇ ਮੁਤਾਬਿਕ ਪ੍ਰੇਮ/ਇਸ਼ਕ ਹੈ।"36

ਅੰਤ ਵਿਚ ਉੱਪਰ ਕੀਤੀ ਗਈ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਫ਼ਰੀਦ ਬਾਣੀ ਵਿਚ ਮਨੁੱਖੀ ਜੀਵਨ ਦੇ ਅਸਲ ਉਦੇਸ਼ ਨੂੰ ਪ੍ਰਾਪਤ ਕਰਨ ਦੇ ਢੰਗ ਅਤੇ ਮਨੁੱਖ ਅਤੇ ਰੱਬ ਵਿਚਾਲੇ ਰੁਕਾਵਟਾਂ ਬਣੀਆਂ ਔਂਕੜਾਂ ਦਾ ਵਿਸਥਾਰ ਸਹਿਤ ਵਰਨਣ ਕੀਤਾ ਗਿਆ ਹੈ। ਫ਼ਰੀਦ ਬਾਣੀ ਮਨੁੱਖ ਨੂੰ ਉਸਦਾ ਅਸਲ ਉਦੇਸ਼ ਯਾਦ ਕਰਵਾਉਂਦੀ ਹੈ। ਇਸ ਤੋਂ ਇਲਾਵਾ ਮਨੁੱਖ ਨੂੰ ਮੌਤ ਦਾ ਡਰ, ਸ਼ਰੀਰ ਦੀ ਨਾਸ਼ਮਾਨਤਾ, ਬੀਤਦੀ ਉਮਰ, ਨਰਕਾਂ ਦੀ ਅੱਗ ਆਦਿ ਦੇ ਡਰਾਵੇ ਦੇ ਕੇ ਰੱਬ ਦੀ ਭਗਤੀ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਦੂਜੇ ਪਾਸੇ ਫ਼ਰੀਦ ਬਾਣੀ ਇਸ ਜੀਵਨ ਨੂੰ ਸਜ਼ਾ ਮੰਨਦੀ ਹੈ। ਸੂਫ਼ੀ ਪਰੰਪਰਾ ਦੇ ਅਨੁਸਾਰ ਇਹ ਜੀਵਨ ਸਾਡੇ ਕਿਸੇ ਮਾੜੇ ਕਰਮਾਂ ਦੇ ਕਾਰਣ ਪਰਮਾਤਮਾ ਨੇ ਸਾਨੂੰ ਆਪਣੇ ਨਾਲੋਂ ਵਿਛੋੜੇ ਦੇ ਰੂਪ ਵਿਚ ਦਿੱਤਾ ਹੈ। ਫ਼ਰੀਦ ਬਾਣੀ ਅਜੋਕੇ ਸਮਾਜ ਨੂੰ ਸੇਧ ਦਿੰਦੀ ਹੈ ਅਤੇ ਸਦਾਚਾਰ, ਨੈਤਿਕ ਪੱਖ, ਸਮਾਜਿਕ ਜੀਵਨ ਬਾਰੇ ਵਿਸਥਾਰ ਸਾਹਿਤ ਜਾਣਕਾਰੀ ਪ੍ਰਦਾਨ ਕਰਦੀ ਹੈ। ਸੋ ਅੰਤ ਵਿਚ ਉੱਪਰ ਕੀਤੀ ਗਈ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਬਾਬਾ ਫ਼ਰੀਦ ਜੀ ਦੇ ਉਪਦੇਸ਼ ਅੱਜ ਵੀ ਸਾਰਥਕ ਹਨ।

## ਟਿਪਣੀਆਂ ਅਤੇ ਹਵਾਲੇ

1. ਪਿਆਰਾ ਸਿੰਘ ਭੋਗਲ, ਮਹਾਂਕਵੀ ਬਾਬਾ ਫ਼ਰੀਦ, ਪੰਨਾ 26
2. ਤੇਜਾ ਸਿੰਘ ਸੋਢੀ (ਟੀਕਾਕਾਰ), ਸਲੋਕ ਫ਼ਰੀਦ ਜੀ ਸਟੀਕ, ਪੰਨਾ 8-9
3. ਉਹੀ, ਪੰਨਾ 26
4. 'ਆਦਿ ਗ੍ਰੰਥ' ਸ਼ੇਖ ਫ਼ਰੀਦ, ਰਾਗ ਆਸਾ, ਪੰਨਾ 488

5. ਦੀਵਾਨਾ, ਮੋਹਨ ਸਿੰਘ (ਡਾ.), ਸ਼ਾਹ ਹੁਸੈਨ, ਕਾਫ਼ੀ 138, ਪੰਨਾ 206

6. 'ਆਦਿ ਗ੍ਰੰਥ' ਬਾਣੀ ਸ਼ੇਖ ਫ਼ਰੀਦ ਜੀ ਕੀ, ਸਲੋਕ 24, ਪੰਨਾ 1379

7. ਉਹੀ, ਰਾਗ ਸੂਹੀ, ਪੰਨਾ 794

8. ਉਹੀ, ਪੰਨਾ 1378

9. ਤੇਜਾ ਸਿੰਘ ਸੋਢੀ (ਟੀਕਾਕਾਰ), ਸਲੋਕ ਫ਼ਰੀਦ ਜੀ ਸਟੀਕ, ਪੰਨਾ 43-44

10. 'ਆਦਿ ਗ੍ਰੰਥ' ਬਾਣੀ ਸ਼ੇਖ ਫ਼ਰੀਦ ਜੀ ਕੀ, ਸਲੋਕ 27, ਪੰਨਾ 1379

11. ਉਹੀ, ਸਲੋਕ 10, ਪੰਨਾ 1378

12. ਉਹੀ, ਸਲੋਕ 90, ਪੰਨਾ 1382

13. ਤੇਜਾ ਸਿੰਘ ਸੋਢੀ (ਟੀਕਾਕਾਰ), ਸਲੋਕ ਫ਼ਰੀਦ ਜੀ ਸਟੀਕ, ਪੰਨਾ 23

14. ਉਹੀ, ਸਲੋਕ 28, ਪੰਨਾ 19

15. ਉਹੀ, ਸਲੋਕ 81, ਪੰਨਾ 46

16. ਕਾਂਗ, ਅਮਰਜੀਤ ਸਿੰਘ (ਡਾ.), ਫ਼ਰੀਦ ਬਾਣੀ ਦੀ ਸਮਕਾਲੀ ਪ੍ਰਾਸੰਗਿਕਤਾ, ਖੋਜ-ਦਰਪਣ, ਜੁਲਾਈ 1998, ਪੰਨਾ 133-134

17. ਆਦਿ ਗ੍ਰੰਥ, ਰਾਗ ਸੂਹੀ, ਪੰਨਾ 794

18. ਉਹੀ, ਸਲੋਕ 36, ਪੰਨਾ 1379

19. ਭਾਈ ਕਾਨ੍ਹ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 59

20. ਸੁਰਿੰਦਰ ਕੋਹਲੀ, ਫ਼ਰੀਦ ਦਰਪਣ, ਪੰਨਾ 14

21. ਤੇਜਾ ਸਿੰਘ ਸੋਢੀ (ਟੀਕਾਕਾਰ), ਸਲੋਕ ਫ਼ਰੀਦ ਜੀ ਸਟੀਕ, ਪੰਨਾ 43-44

22. ਆਦਿ ਗ੍ਰੰਥ, ਰਾਗ ਆਸਾ, ਪੰਨਾ 441

23. ਸ਼ਬਦ ਭਗਤ ਫ਼ਰੀਦ ਜੀ (ਸਟੀਕ), ਪੰਨਾ 38

24. ਪੰਛੀ, ਹਰਚੇਤ ਸਿੰਘ, ਪੰਜਾਬੀ ਕਾਵਿ ਵਿਚ ਬਿਰਹਾ ਭਾਵਨਾ, ਪੰਨਾ 11

25. ਆਦਿ ਗ੍ਰੰਥ, ਸਲੋਕ 14, ਪੰਨਾ 1378

26. ਕੁਲਦੀਪ ਕੌਰ (ਡਾ.), ਪੰਜਾਬੀ ਸੂਫ਼ੀ ਕਵਿਤਾ ਦੀਆਂ ਮੂਲ ਪ੍ਰਵਿਰਤੀਆਂ, ਖੋਜ ਪਤ੍ਰਿਕਾ, ਮਾਰਚ 1989, ਪੰਨਾ 39

27. ਤੇਜਾ ਸਿੰਘ ਸੋਢੀ (ਟੀਕਾਕਾਰ), ਸਲੋਕ ਫ਼ਰੀਦ ਜੀ ਸਟੀਕ, ਪੰਨਾ 35

28. ਬ੍ਰਹਮ ਜਗਦੀਸ਼ ਸਿੰਘ, ਬੋਲੈ ਸ਼ੇਖ਼ ਫ਼ਰੀਦ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਪੰਨਾ 38

29. ਆਦਿ ਗ੍ਰੰਥ, ਸਲੋਕ 100, ਪੰਨਾ 1383

30. ਉਹੀ, ਸਲੋਕ 54, ਪੰਨਾ 1380

31. ਉਹੀ, ਸਲੋਕ 6, ਪੰਨਾ 1378

32. ਤੇਜਾ ਸਿੰਘ ਸੋਢੀ (ਟੀਕਾਕਾਰ), ਸਲੋਕ ਫ਼ਰੀਦ ਜੀ ਸਟੀਕ, ਪੰਨਾ 8

33. ਤੇਜਾ ਸਿੰਘ ਸੋਢੀ (ਟੀਕਾਕਾਰ), ਸਲੋਕ ਫ਼ਰੀਦ ਜੀ ਸਟੀਕ, ਪੰਨਾ 45

34. ਆਦਿ ਗ੍ਰੰਥ, ਸ਼ੇਖ ਫ਼ਰੀਦ, ਰਾਗ ਆਸਾ, ਪੰਨਾ 488

35. ਉਹੀ, ਸਲੋਕ 17, ਪੰਨਾ 1378

36. ਕਿਸ਼ਨ ਸਿੰਘ (ਪ੍ਰੋ.), ਸੂਫ਼ੀਮੱਤ ਅਤੇ ਸੂਫ਼ੀ ਕਵਿਤਾ, ਪੰਨਾ 22